# ਕਰਤਾਰਪੁਰ ਨਗਰ ਵਸਾਉਣਾ
(1522)




ਸ੍ਰੀ ਗੁਰੂ ਨਾਨਕ ਦੇਵ ਜੀ ਅਪਣੇ ਖੇਤਾਂ ਵਿੱਚ, ਕਰਤਾਰਪੁਰ

**ਕਰਤਾਰਪੁਰ ਨਗਰ ਵਸਾਉਂਣਾ (1522 ਈ.) :** ਜਦੋਂ-ਜਦੋਂ ਵੀ ਗੁਰੂ ਜੀ ਪੱਖੋਕੇ ਪਿੰਡ ਵਿੱਚ ਆਉਂਦੇ ਤਾਂ ਉਹ ਮਰਦਾਨੇ ਨੂੰ ਨਾਲ ਲੈ ਕੇ ਅਜਿਤੇ ਰੰਧਾਵੇ ਦੇ ਖੇਤਾਂ ਵਿੱਚ ਦਰਿਆ ਰਾਵੀ ਦੇ ਖੱਬੇ ਕੰਢੇ, ਪਿੰਡੋਂ ਬਾਹਰ ਇਕਲਵਾਂਝੇ ਇਕ ਖੂਹ ਦੁਆਲੇ ਲੱਗੇ ਰੁੱਖਾਂ ਹੇਠ ਬੈਠ ਕੇ ਕਰਤਾਪੁਰਖ ਨਾਲ ਗੱਲਾਂ ਕਰਿਆ ਕਰਦੇ ਅਤੇ ਅਲਾਹੀ ਕੀਰਤਨ ਦਾ ਆਨੰਦ ਮਾਣਦੇ। ਚੌਥੀ ਉਦਾਸੀ ਉਪ੍ਰੰਤ ਵੀ ਗੁਰੂ ਜੀ ਹਰ ਰੋਜ਼ ਓਸੇ ਖੂਹ ਤੇ ਬੈਠ ਕੇ ਕਰਤੇ ਦੀ ਸਿਫਤ-ਸਲਾਹ ਕਰਦੇ ਰਹਿੰਦੇ। ਹੌਲੀ ਹੌਲੀ ਓਥੇ ਸੰਗਤ ਜੁੜਨ ਲੱਗੀ।ਅਜਿਤੇ ਰੰਧਾਵੇ ਦਾ ਪਰਿਵਾਰ ਲੰਗਰ ਦੀ ਸੇਵਾ ਕਰ ਦਿਆ ਕਰਦਾ।

ਨਾਲ ਲਗਦੇ ਪਿੰਡ ਦੋਦੇ ਦੇ ਦੋ ਸੱਕੇ ਭਰਾਵਾਂ ਦਾ ਆਪਸੀ ਪ੍ਰੇਮ ਪਿਆਰ ਵੇਖ ਕੇ ਗੁਰੂ ਜੀ ਨੇ ਫੈਸਲਾ ਕਰ ਲਿਆ ਕਿ ਇਸ ਤਰ੍ਹਾਂ ਦੀ ਪਿਆਰ ਵਾਲੀ ਭੂਮੀ ਤੇ ਹੀ ਨਵਾਂ ਨਗਰ ਵਸਾਉਂਣਾ ਚਾਹੀਦਾ ਹੈ।

ਗੁਰੂ ਜੀ ਦੇ ਇਸ ਆਸ਼ੇ ਨੂੰ ਭਾਂਪਦਿਆਂ ਅਜਿਤੇ ਰੰਧਾਵੇ ਅਤੇ ਗੁਰੂ ਜੀ ਦੇ ਸਹੁਰਾ ਸਾਹਿਬ, ਬਾਬਾ ਮੂਲਚੰਦ ਜੀ ਨੇ ਨਵਾਂ ਨਗਰ ਵਸਾਉਂਣ ਲਈ ਲੋੜੀਂਦੀ ਜ਼ਮੀਨ ਦਾ ਪ੍ਰਬੰਧ ਕਰ ਦਿੱਤਾ। ਇਹ ਸਾਰਾ ਕੁਝ ਵੇਖ ਕੇ ਉਸ ਪ੍ਰਗਨੇ ਦੇ ਜ਼ਿਮੀਦਾਰ, ਦੁਨੀ ਚੰਦ ਨੇ ਵੀ **100** ਏਕੜ ਭੋਏਂ ਨਵਾਂ ਨਗਰ ਵਸਾਉਂਣ ਲਈ ਦਾਨ ਕਰ ਦਿੱਤੀ।



ਗੁਰੂਦੇਵ ਜੀ ਦੁਨੀਚੰਦ ਕਰੋੜੀਆ ਨੂੰ ਉਪਦੇਸ਼ ਕਰਦਿਆਂ (ਕਰਤਾਰਪੁਰ)

ਇਸ ਰਮਣੀਕ ਥਾਂ ਤੇ ਗੁਰੂ ਜੀ ਨੇ 1522 ਈ. ਵਿੱਚ ਇਸ ਨਵੇਂ ਪਿੰਡ, ਕਰਤਾਰਪੁਰ ਦੀ ਮੋੜ੍ਹੀ (**Foundation Stone** ) ਸੰਗਤ ਦੇ ਭਾਰੀ ਇਕੱਠ ਦੇ ਸਾਵੇਂ, ਗੱਡਵਾਈ। ਮੋੜ੍ਹੀ ਗੱਡਵਾਉਣ ਤੋਂ ਪਹਿਲਾਂ ਦੂਰ ਦਰਾਡੇ ਪਿੰਡਾਂ ਤੋਂ ਸੱਦੀ ਗਈ ਸੰਗਤ ਦਾ ਭਾਰੀ ਇਕੱਠ ਹੋਇਆ।ਅਲਾਹੀ ਕੀਰਤਨ ਉਪ੍ਰੰਤ ਅਰਦਾਸ ਕਰਕੇ ਪ੍ਰਸ਼ਾਦ ਵਰਤਾਇਆ ਗਿਆ। ਮਿਠਾਈਆਂ ਵੀ ਵੰਡੀਆਂ ਗਈਆਂ।



ਸਤਿਸੰਗ ਭਵਨ, ਲੰਗਰ ਹਾਲ ਅਤੇ ਸੰਗਤ ਦੇ ਰਹਿਣ ਲਈ ਘਰ ਬਨਵਾਏ

ਗੁਰੂ ਜੀ ਇਸ ਨਵੇਂ ਵਸਾਏ ਨਗਰ ਵਿੱਚ 18 ਕੁ ਸਾਲ ਖੇਤੀ ਕਰਨ ਦੇ ਨਾਲ ਨਾਲ ਅਲਾਹੀ ਕੀਰਤਨ ਅਤੇ ਬਚਨਾਂ ਦੁਆਰਾ ਸੰਗਤ ਨੂੰ ਨਿਹਾਲ ਕਰਦੇ ਰਹੇ।

**'ਕਿਰਤ ਕਰੋ ਵੰਡ ਛਕੋ ਨਾਮ ਜਪੋ'** ਦਾ ਉਪਦੇਸ਼ ਪਰਪੱਕ ਕਰਾਉਂਣ ਲਈ ਆਪ ਜੀ ਨੇ ਦਸਾਂ ਨਹੁਆਂ ਦੀ ਕਿਰਤ ਕਰਕੇ ਸਾਂਝੇ ਲੰਗਰ **(ਪੰਗਤ)** ਦੀ ਪ੍ਰਥਾ ਆਰੰਭ ਕਰਕੇ ਨਾਮ ਦੀ ਦਾਤ ਵੰਡਣ ਵਿੱਚ ਕੋਈ ਕਸਰ ਨਾ ਛੱਡੀ।

**'ਪਹਿਲੇ ਪੰਗਤ ਪਾਛੇ ਸੰਗਤ'** ਦੀ ਰੀਤ ਜੋ ਅੱਜ ਤੱਕ ਸਿੱਖ ਜਗਤ ਵਿੱਚ ਚਲਦੀ ਆ ਰਹੀ ਹੈ, ਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤੀ ਹੈ।

**ਬੂੜਾ (ਬਾਬਾ ਬੁੱਢਾ ਜੀ) ਦਾ ਕਰਤਾਰਪੁਰ ਵਿਚ ਆਉਣ:–** ਕੱਥੂਨੰਗਲ ਪਿੰਡ ਤੋਂ, 'ਬੂੜਾ' ਆਪਣੇ ਮਾਤਾ ਪਿਤਾ ਜੀ ਨਾਲ, ਗੁਰੂ ਜੀ ਨੂੰ ਦਿੱਤੇ ਬਚਨ ਅਨੁਸਾਰ ਕਰਤਾਰਪੁਰ ਆ ਗਿਆ। ਕੁਝ ਦਿਨ ਗੁਰੂ ਜੀ ਦੀ ਸੰਗਤ ਮਾਨਣ ਉਪਰੰਤ ਉਹ ਗੁਰੂ ਘਰ ਨੂੰ ਸਮਰਪਿਤ ਹੋ ਗਿਆ। ਬੂੜੇ ਦੇ ਮਾਤਾ ਪਿਤਾ ਉਸ ਨੂੰ ਗੁਰੂ ਜੀ ਨੂੰ ਸੌਂਪ ਕੇ ਖੁਸ਼ੀ ਖੁਸ਼ੀ ਵਾਪਸ ਆਪਣੇ ਪਿੰਡ ਚਲੇ ਗਏ। ਬੂੜੇ ਨੇ ਗੁਰੂ ਜੀ ਦੇ ਬਚਨ ਸਿਰ ਮੱਥੇ ਪ੍ਰਵਾਨ ਕੇ ਗੁਰੂ ਘਰ ਦੀ ਸੇਵਾ ਆਰੰਭ ਦਿੱਤੀ। ਸੰਗਤ ਵਿਚ ਵਿਚਰਦਿਆਂ ਬੁਢਿਆਂ ਵਾਂਗ ਗਿਆਨ ਦੀਆਂ ਗੱਲਾਂ ਕਰਨ ਕਰਕੇ ਬੂੜੇ ਨੂੰ ਸਾਰੀ ਸੰਗਤ ਬੁੱਢਾ ਆਖਣ ਲੱਗੀ। ਅਣਥੱਕ ਸੇਵਾ ਕਰਦਿਆਂ ਅਤੇ ਸਿਆਣਪ ਭਰੇ ਬੋਲਾਂ ਸਦਕਾ ਗੁਰੂ ਜੀ ਨੇ ਬੂੜੇ ਨੂੰ ਬਾਬਾ ਬੁੱਢਾ ਆਖ ਕੇ ਸਨਮਾਨਿਤ ਕੀਤਾ।

**ਗੁਰੂ ਜੀ ਦੇ ਮਾਤਾ ਪਿਤਾ ਜੀ ਦਾ ਕਰਤਾਰਪੁਰ ਆਉਣਾ:** ਕਰਤਾਰਪੁਰ ਵਿੱਚ ਰਹਿਣ ਲਈ ਘਰ ਬਣ ਜਾਣ ਉਪ੍ਰੰਤ ਗੁਰੂ ਨੇ ਜੀ ਨੇ ਲਖਮੀਚੰਦ ਤੇ ਭਾਈ ਮਰਦਾਨਾ ਜੀ ਨੂੰ ਤਲਵੰਡੀ ਭੇਜ ਕੇ ਜਰੂਰੀ ਵਸਤਾਂ ਸਮੇਤ ਅਪਣਾ ਸਾਰਾ ਪਰਿਵਾਰ ਕਰਤਾਰਪੁਰ ਵਿੱਖੇ ਲੈ ਆਂਦਾ।

**ਸਿਆਲਕੋਟ ਜਾਣਾ–** ਗੁਰੂ ਜੀ ਮਰਦਾਨਾ ਜੀ ਨੂੰ ਨਾਲ ਲੈ ਕੇ ਕਰਤਾਰਪੁਰ ਨਗਰ ਨੂੰ ਵਪਾਰਿਕ ਕੇਂਦਰ ਬਣਾਉਣ ਵਾਸਤੇ **80** ਕਿਲੋਮੀਟਰ ਚੱਲ ਕੇ ਨਾਰੋਵਾਲ, ਮੌਜੋਕ, ਕੋਟਲੀ ਬਹਿਰਾਮਖਾਂ, ਪਸਰੂਰ, ਗੁਨਾ ਆਦਿ ਵਿੱਚ ਅਲਾਹੀ ਬਚਨ ਕਰਦਿਆਂ ਸਿਆਲ ਕੋਟ ਪਹੁੰਚ ਕੇ ਵਪਾਰੀਆਂ ਦੀ ਇਕ ਸਭਾ ਬੁਲਾਈ, ਜਿਸ ਵਿੱਚ ਕਰਤਾਰਪੁਰ ਵਿਖੇ ਜਾ ਕੇ ਵਸਣ ਲਈ ਮੁਫਤ ਜ਼ਮੀਨ ਦੇਣ ਦਾ ਬਚਨ ਕੀਤਾ। ਵਪਾਰੀ ਅਤੇ ਕਾਰੀਗਰ ਉੱਥੇ ਜਾ ਕੇ ਵਸਣ ਲਈ ਤਿਆਰ ਹੋ ਗਏ।

ਉੱਥੇ ਆਪ ਜੀ ਦਾ ਇਕ ਸਿੱਖ ਭਾਈ ਮੂਲਚੰਦ ਵੀ ਰਹਿੰਦਾ ਸੀ। ਉੱਥੇ ਪਹੁੰਚ ਕੇ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਭੇਜ ਕੇ ਉਸ ਨੂੰ ਸੱਦ ਭੇਜਿਆ।

ਮੂਲ ਚੰਦ ਦੀ ਪਤਨੀ ਨੂੰ ਜਦੋਂ ਪਤਾ ਲੱਗਾ ਕਿ ਉਹੀ ਸੰਤ ਹਨ ਜਿਨ੍ਹਾਂ ਦੇ ਨਾਲ ਉਸ ਦਾ ਪਤੀ ਪਹਿਲਾਂ ਵੀ ਚਲਾ ਗਿਆ ਸੀ ਤਾਂ ਉਸ ਨੇ ਸੋਚਿਆ ਇਸ ਵਾਰ ਵੀ ਉਸ ਦਾ ਪਤੀ ਉਨ੍ਹਾਂ ਦੇ ਨਾਲ ਨਾ ਚਲਾ ਜਾਵੇ। ਇਸ ਲਈ ਉਸ ਨੇ ਮੂਲ ਚੰਦ ਨੂੰ ਛੁਪ ਜਾਣ ਲਈ ਮਜਬੂਰ ਕਰ ਦਿੱਤਾ ਅਤੇ ਝੂਠ ਹੀ ਕਹਿ ਦਿੱਤਾ ਕਿ ਮੂਲਚੰਦ ਘਰ ਨਹੀਂ ਹੈ। ਕਿਤੇ ਬਾਹਰ ਗਏ ਹੋਏ ਹਨ।

ਅਸਲ ਵਿੱਚ ਮੂਲ ਚੰਦ ਹਨੇਰੇ ਤੇ ਕੱਚੇ ਕੋਠੇ ਵਿੱਚ ਜਾ ਲੁਕਿਆ। ਜਿੱਥੇ ਲੱਕੜ ਬਾਲਣ ਤੇ ਪਾਥੀਆਂ ਹੋਣ ਕਰਕੇ, ਛੁਪ ਕੇ ਬੈਠੇ **ਸੱਪ ਨੇ ਮੂਲ ਚੰਦ ਨੂੰ ਡੱਸ ਲਿਆ** ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਤਰ੍ਹਾਂ ਉਸ ਦੀ ਪਤਨੀ ਨੇ ਆਪਣੇ ਕੀਤੇ ਦੀ ਵੱਡੀ ਸਜ਼ਾ ਪਾਈ।

ਉਸ ਦੀ ਪਤਨੀ ਨੇ ਆ ਕੇ ਬੇਨਤੀ ਕੀਤੀ ਕਿ ਉਸ ਨੂੰ ਮੁਆਫ ਕਰ ਦਿੱਤਾ ਜਾਵੇ। ਗੁਰੂ ਜੀ ਨੇ ਕਿਹਾ ਕਰਤਾਰ ਭਲੀ ਕਰੇਗਾ। ਇਹ ਆਂਖ ਕੇ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਉਚਾਰਨ ਕੀਤੇ।

"ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥ ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥੨੧॥ ਗਿਆਨ ਹੀਣੰ ਅਗਿਆਨ ਪੂਜਾ॥ ਅੰਧ ਵਰਤਾਵਾ ਭਾਉ ਦੂਜਾ ॥੨੨॥ ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ॥ ਸਚ ਬਿਨੁ ਸਾਖੀ ਮੂਲੋ ਨ ਬਾਕੀ ॥੨੩॥ ਮਾਣੂ ਘਲੈ ਉਠੀ ਚਲੈ॥ ਸਾਦੁ ਨਾਹੀ ਇਵੇਹੀ ਗਲੈ॥੨੪॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 1412)

**False is friendship with the false and greedy. False is its foundation. O Moollah, no one knows where death shall strike. ||21|| Without spiritual wisdom, the people worship ignorance. They grope in the darkness, in the love of duality. ||22|| Without the Guru, there is no spiritual wisdom; without Dharma, there is no meditation. Without Truth, there is no credit; without capital, there is no balance. ||23|| The mortals are sent into the world; then, they arise and depart. There is no joy in this. ||24||**

## ਗੁਰੂ ਜੀ ਦਾ ਨਿੱਤ ਦਾ ਕਾਰ ਵਿਹਾਰ (ਕਰਤਾਰਪੁਰ)

ਗੁਰੂ ਜੀ ਅੰਮ੍ਰਿਤ ਵੇਲੇ ਉੱਠ ਕੇ ਰਾਵੀ ਨਦੀ ਵਿੱਚ ਇਸ਼ਨਾਨ ਕਰਨ ਉਪ੍ਰੰਤ ਧਰਮਸਾਲਾ ਵਿੱਚ ਬੈਠ ਕੇ ਪ੍ਰਭੂ ਚਿੰਤਨ ਕਰਦੇ। ਸੰਗਤ ਦੇ ਆਉਣ ਤੇ ਅਲਾਹੀ ਕੀਰਤਨ ਆਰੰਭ ਹੋ ਜਾਂਦਾ। ਕੀਰਤਨ ਦੀ ਸਮਾਪਤੀ ਤੇ ਪ੍ਰਸ਼ਾਦਾ ਪਾਣੀ ਛਕਣ ਉਪ੍ਰੰਤ ਗੁਰੂਦੇਵ ਜੀ ਆਪ ਵੀ ਖੇਤਾਂ ਵਿੱਚ ਕੰਮ ਕਰਨ ਜਾਂਦੇ। ਸੰਧਿਆ ਵੇਲੇ ਸਤਿਸੰਗ ਹੁੰਦਾ। ਗੁਰੂਦੇਵ ਜੀ ਸ਼ਰਧਾਲੂਆਂ ਦੇ ਮਨ ਦੇ ਸ਼ੰਕੇ ਨਿਵਿਰਤ ਕਰਦੇ। ਵਿਚਾਰ-ਵਟਾਂਦਰਾ ਹੁੰਦਾ ਰਹਿੰਦਾ।

ਗੁਰੂ ਜੀ ਨੇ ਆਪਣੇ ਹੱਥੀਂ ਖੇਤੀ ਕਰਕੇ ਇਸ ਸੰਸਾਰ ਵਿੱਚ ਪਹਿਲੀ ਵਾਰ ਸਾਰੇ ਵਰਗਾਂ ਦੇ ਲੋਕਾਂ ਨੂੰ ਇਕ ਪੰਗਤ ਵਿੱਚ ਬੈਠਾ ਕੇ ਲੰਗਰ ਛਕਾਇਆ ਅਤੇ ਮਾਨਵਤਾ ਨੂੰ ਸੰਗਤ ਦਾ ਰੂਪ ਦਿੱਤਾ। ਇਸ ਤਰ੍ਹਾਂ ਅਲਾਹੀ ਮੂਲ ਸਿਧਾਂਤ, **'ਕਿਰਤ ਕਰੋ ਵੰਡ ਛਕੋ ਨਾਮ ਜਪੋ'** ਨੂੰ ਸਾਕਾਰ ਰੂਪ ਦਿੱਤਾ।



ਗੁਰੂ ਜੀ ਸੰਗਤ ਵਿੱਚ ਲੰਗਰ ਵਰਤਾਉਂਦਿਆਂ, ਕਰਤਾਰਪੁਰ



ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਕਰਤਾਰਪੁਰ ਵਿਖੇ ਹਲ ਵਾਹੁੰਦਿਆਂ



ਹਲ ਚੁੱਕ ਕੇ ਖੇਤਾਂ ਨੂੰ ਜਾਂਦੇ ਹੋਏ



ਟਿੰਡਾਂ ਵਾਲਾ ਖੂਹ, ਕਰਤਾਰਪੁਰ



ਅਪਣੇ ਖੇਤਾਂ ਨੂੰ ਪਾਣੀ ਲਗਾਉਂਦਿਆਂ

## ਵੈਸ਼ਨਵ ਸਾਧੂ ਦਾ ਕਰਤਾਰਪੁਰ ਆਉਣਾ

ਕਰਤਾਰਪੁਰ ਵਿਖੇ ਇਕ ਦਿਨ ਇਕ ਵੈਸ਼ਨਵ ਸਾਧੂ ਗੁਰੂਦੇਵ ਜੀ ਦੇ ਦਰਸ਼ਨਾਂ ਲਈ ਆਇਆ। ਉਸ ਨੇ ਪੰਗਤ ਵਿੱਚ ਬੈਠ ਕੇ ਲੰਗਰ ਨਾ ਛਕਿਆ ਅਤੇ ਕਹਿਣ ਲੱਗਾ, "ਮੈਂ ਆਪਣਾ ਭੋਜਨ ਆਪਣੇ ਹੱਥੀਂ ਪੂਰੀ ਪਵਿੱਤਰਤਾ ਨਾਲ ਤਿਆਰ ਕਰਦਾ ਹਾਂ।" ਗੁਰੂਦੇਵ ਜੀ ਨੇ ਕਿਹਾ, "ਠੀਕ ਹੈ, ਤੂੰ ਪਹਿਲਾਂ ਚੁਲ੍ਹਾ ਚੌਂਕਾ (ਭੋਜਨ ਪਕਾਉਣ ਦੀ ਥਾਂ) ਬਣਾ ਲੈ ਫਿਰ ਭੋਜਨ ਤਿਆਰ ਕਰਨ ਲਈ ਲੰਗਰ ਵਿੱਚੋਂ ਸੁੱਕਾ ਰਾਸ਼ਨ ਲੈ ਲੈਣਾ।

ਉਹ, ਜਿਸ ਥਾਂ ਨੂੰ ਚੁਲ੍ਹਾ ਬਨਾਉਣ ਲਈ ਪੁੱਟਦਾ ਉੱਥੋਂ ਹੱਡੀਆਂ ਹੀ ਨਿਕਲਦੀਆਂ। ਅਖੀਰ ਵਿੱਚ ਉਹ ਭੁੱਖਾ-ਪਿਆਸਾ, ਥੱਕਿਆ-ਹਾਰਿਆ ਗੁਰੂ ਜੀ ਨੂੰ ਬੇਨਤੀ ਕਰਨ ਲੱਗਾ, "**ਮੈਨੂੰ ਭੋਜਨ ਛਕਾਓ ਜੀ** "।। ਸਿੱਖਾਂ ਨੇ ਉਸ ਨੂੰ ਪੰਗਤ ਵਿੱਚ ਕੇ ਆਦਰ ਸਹਿਤ ਲੰਗਰ ਛਕਾਇਆ।

ਲੰਗਰ ਛਕਣ ਉਪ੍ਰੰਤ ਗੁਰੂਦੇਵ ਜੀ ਨੇ ਉਸ ਸਾਧੂ ਨੂੰ ਕਿਹਾ, "**ਬਿਨਾਂ ਕਿਸੇ ਆਧਾਰ ਦੇ ਪਵਿੱਤਰਤਾ ਦੇ ਨਾਂ ਤੇ ਪਾਖੰਡ ਕਰਨਾ ਆਪਣੇ ਲਈ ਝੰਜਟ ਮੁੱਲ ਲੈਣਾ ਹੁੰਦਾ ਹੈ।** ਆਟਾ, ਪਾਣੀ, ਨਮਕ ਅਤੇ ਘਿਉ ਆਦਿ ਦਾ ਮਿਸ਼ਰਣ ਅੱਗ ਤੇ ਪਕਾਉਂਦਿਆਂ ਹੀ ਪਵਿੱਤਰ ਹੋ ਜਾਂਦਾ ਹੈ। ਭੋਜਨ ਤਿਆਰ ਕਰਨ ਵਾਲਾ ਭਾਵੇਂ ਕੋਈ ਵੀ ਹੋਵੇ। **ਕੇਵਲ ਉਹੀ ਮਨੁੱਖ ਪਵਿੱਤਰ ਹੈ ਜੋ ਪ੍ਰਭੂ ਦਾ ਨਾਮ ਜਪਦਾ ਹੈ।** ਜੋ ਲੋਕ ਪ੍ਰਭੂ ਚਿੰਤਨ ਤੋਂ ਦੂਰ ਹਨ, ਬੇਸ਼ਕ ਉਹ ਲੱਖ ਵਾਰ ਇਸ਼ਨਾਨ ਕਰਨ ਤੇ ਖਾਣ ਵਾਲੀਆਂ ਚੀਜ਼ਾਂ ਨੂੰ ਧੋਣ, ਤਾਂ ਵੀ ਉਹ ਪਵਿੱਤਰ ਨਹੀਂ ਹੋ ਸਕਦੇ।"

ਇਸ ਪ੍ਰਥਾਏ ਗੁਰੂਦੇਵ ਜੀ ਨੇ ਇਹ ਅਲਾਹੀ ਸ਼ਬਦ ਉਚਾਰਨ ਕੀਤੇ।

**ਸੁਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ।। ਸੁਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ।।2।। (ਅੰਗ-472)**

**"ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ।। ਸੁਚੇ ਆਗੈ ਰਖਿਓਨੁ ਕੋਇ ਨ ਭਿਟਿਓ ਜਾਇ।। ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ।। ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ।। ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ।। ਤਾ ਹੋਆ ਪਾਕੁ ਪਵਿਤੁ।।"**

**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-473)**

ਇਹ ਅਲਾਹੀ ਸ਼ਬਦ ਸੁਣਕੇ ਸਾਧੂ ਬਾਬਾ ਦੀ ਤਸਲੀ ਹੋ ਗਈ ਅਤੇ ਉਸ ਨੇ ਗੁਰੂ ਜੀ ਨੂੰ ਅਪਣਾ ਇਸ਼ਟ ਮੰਨ ਲਿਆ।

**ਨੋਟ:- ਸਮਾਂ ਪਾ ਕੇ ਕਰਤਾਰਪੁਰ ਨਗਰ ਦੋ ਵਾਰ ਰਾਵੀ ਦਰਿਆ ਦੀ ਭੇਟ ਚੜ੍ਹ ਗਿਆ। ਧਰਮਸਾਲਾ ਅਤੇ ਕੁਝ ਕੁ ਅਸਥਾਨ ਰਵੀ ਦੇ ਸੱਜੇ ਪਾਸੇ ਬਚੇ ਰਹੇ ਅਤੇ ਬਾਕੀ ਦਾ ਹਿੱਸਾ ਰਾਵੀ ਦੇ ਖੱਬੇ ਕੰਢੇ ਤੇ ਬਚਿਆ ਰਹਿ ਗਿਆ। ਜਿਸ ਅਸਥਾਨ ਤੇ ਪਿੱਛੋਂ ਬਾਬਾ ਸ੍ਰੀਚੰਦ, ਬਾਬਾ ਲਖਮੀਚੰਦ ਜੀ ਨੇ ਗੁਰੂ ਜੀ ਸੰਬੰਧੀ ਅਦਭੁੱਤ ਨਿਸ਼ਾਨੀਆਂ ਨੂੰ ਸੰਭਾਲ ਕੇ ਇੱਕ ਨਵੇਂ ਨਗਰ, ਡੇਰਾ ਬਾਬਾ ਨਾਨਕ ਦੀ ਮੋਹੜੀ ਗੱਡੀ। (ਨੀਂਵ ਰੱਖੀ) ਬਾਬਾ ਲਖਮੀਚੰਦ ਜੀ ਦੇ ਪੁੱਤਰਾਂ, ਬਾਬਾ ਮਿਹਰਚੰਦ ਅਤੇ ਬਾਬਾ ਮਾਣਕਚੰਦ ਜੀ ਨੇ ਅਣਥੱਕ ਮਿਹਨਤ ਕਰਕੇ ਇਸ ਨਗਰ ਨੂੰ ਗੋਲ ਆਕਾਰ ਦੀ ਸ਼ਕਲ ਦੇ ਕੇ ਕੰਧ ਕਰਵਾ ਕੇ ਦੋ ਮੁੱਖ ਦੁਆਰ ਅੰਦਰ ਬਾਹਰ ਜਾਣ ਲਈ ਰੱਖੇ।**

**ਇਸ ਤਰ੍ਹਾਂ ਇਹ ਨਗਰ ਬੇਦੀ ਪਰਿਵਾਰ ਦਾ ਨਗਰ ਕਰਕੇ ਜਾਣਿਆ ਜਾਣ ਲੱਗਾ।**

**ਇਸ ਪਿੰਡ ਦੇ ਰਹਿਣ ਵਾਲੇ ਦੀਵਾਨ ਚੰਦੂ ਲਾਲ ਦਖਣੀ ਰਾਜ, ਹੈਦਰਾਬਾਦ ਦਾ ਵਜ਼ੀਰ ਸੀ, ਨੇ ਸਚਖੰਡ ਸ੍ਰੀ ਦਰਬਾਰ ਸਾਹਿਬ, ਡੇਰਾ ਬਾਬਾ ਨਾਨਕ ਦੀ ਉਸਾਰੀ ਕਰਵਾਈ।**

**ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਦੇ ਗੁੰਬਦ ਉਪਰ ਸੋਨਾ ਲਗਾਉਂਣ ਦੀ ਸੇਵਾ ਨਿਭਾਈ, 2 ਲੱਖ 87 ਹਜ਼ਾਰ ਸਾਲਾਨਾ ਜਗੀਰ ਵੀ ਕਰਤਾਰਪੁਰ ਸਾਹਿਬ ਦੇ ਨਾਮ ਲਗਵਾਈ ਜੋ ਅੰਗ੍ਰੇਜ਼ ਰਾਜ ਵੇਲੇ ਬੰਦ ਕਰ ਦਿੱਤੀ ਗਈ।**

**ਅਜੋਕਾ ਗੁਰਦੁਆਰਾ, ਸ੍ਰੀ ਕਰਤਾਪੁਰ ਸਾਹਿਬ ਜੋ ਰਾਵੀ ਦਰਿਆ ਦੇ ਸੱਜੇ ਕੰਢੇ ਤੇ ਸੁਸ਼ੋਬਤ ਹੈ, ਪਹਿਲੇ ਭਵਨ ਦੀ ਸੇਵਾ, ਪਟਿਆਲਾ ਦੇ ਮਹਾਂਰਾਜਾ ਭੁਪਿੰਦਰ ਸਿੰਘ ਜੀ ਨੇ 1,35,600 ਰੁਪੇ ਖਰਚ ਕੇ ਕਰਵਾਈ ਅਤੇ ਮਹਾਂਰਾਜ ਰਣਜੀਤ ਸਿੰਘ ਜੀ ਨੇ 70 ਘੁਮਾਓਂ ਜਮੀਨ ਗੁਰਦੁਆਰਾ ਸਾਹਿਬ ਦੇ ਨਾਮ ਲਗਵਾਈ।**

**(ਹਵਾਲਾ : ਭਾਸ਼ਾ ਵਿਭਾਗ, ਪੰਜਾਬ)**

## ਅਚੱਲ ਬਟਾਲਾ

ਇਹ ਅਸਥਾਨ ਸ੍ਰੀ ਕਰਤਾਰਪੁਰ ਸਾਹਿਬ ਤੋਂ 25 ਮੀਲ (40 ਕਿਲੋ ਮੀਟਰ) ਬਟਾਲਾ ਸ਼ਹਿਰ ਦੇ ਕੋਲ ਹੈ ਇੱਥੇ ਸ਼ਿਵਰਾਤਰੀ ਦੇ ਮੇਲੇ ਤੇ ਸੈਂਕੜੇ ਜੋਗੀ ਨਾਥ ਆਇਆ ਕਰਦੇ ਸਨ। **(ਅੱਜ ਵੀ ਉੱਥੇ ਮੇਲਾ ਲੱਗਦਾ ਹੈ)**

ਉੱਥੇ ਤਿੰਨ ਤਰ੍ਹਾਂ ਦੇ ਇਕੱਠ ਸਨ। ਗੁਰੂ ਜੀ ਦਾ ਅਲਾਹੀ ਸਤਿਸੰਗ, ਜੋਗੀਆਂ ਦਾ ਟੋਲਾ ਅਤੇ ਤੀਜਾ ਖੇਲ ਤਮਾਸ਼ੇ ਕਰਨ ਵਾਲੇ। ਪ੍ਰੰਤੂ ਜੋਗੀਆਂ ਨਾਲੋਂ ਸਤਿਸੰਗ ਵਿੱਚ ਇਕੱਠ ਵਧੇਰੇ ਹੋਣ ਕਰਕੇ। ਜੋਗੀਆਂ ਨੇ ਈਰਖਾ ਵੱਸ ਗੁਰੂ ਜੀ ਦਾ ਨਿਰਾਦਰ ਕਰਨ ਦੀ ਠਾਣੀ (ਸੋਚਿਆ)।

ਖੇਲ ਤਮਾਸ਼ਾ ਕਰਨ ਵਾਲਿਆਂ ਦਾ ਮਾਇਆ ਵਾਲਾ ਲੋਟਾ (ਭਾਂਡਾ), ਜੋਗੀਆਂ ਨੇ ਚੁਰਾ ਕੇ ਲੁਕਾ ਦਿੱਤਾ। ਇਹ ਕੰਮ ਇਸ ਲਈ ਕੀਤਾ ਕਿ ਤਮਾਸ਼ੇ ਵਾਲੇ ਗੁਰੂ ਜੀ ਨੂੰ ਲੋਟਾ ਲੁਭਾਉਣ ਲਈ ਕਹਿਣਗੇ ਪਰ ਗੁਰੂ ਜੀ ਨਹੀਂ ਲੱਭ ਸਕਣਗੇ, ਇਸ ਪ੍ਰਕਾਰ ਗੁਰੂ ਜੀ ਦੀ ਹੇਠੀ ਹੋਵੇਗੀ।

ਇਸੇ ਤਰਾਂ ਹੀ ਹੋਇਆ। ਤਮਾਸ਼ੇ ਵਾਲਿਆਂ ਨੂੰ ਗੁਰੂ ਜੀ ਨੇ ਦੱਸਿਆ ਕਿ ਕਾਰਸਤਾਨੀ ਇਨ੍ਹਾਂ ਜੋਗੀਆਂ ਦੀ ਹੈ। ਫਿਰ ਵੀ ਉਨ੍ਹਾਂ ਦਾ ਲੋਟਾ ਲੁਭਾ ਦਿੱਤਾ। ਇਸ ਪ੍ਰਕਾਰ ਜੋਗੀਆਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।


ਫਿਰ ਜੋਗੀ ਗੁਰੂ ਜੀ ਨੂੰ ਕਹਿਣ ਲੱਗੇ ਕਿ ਤੁਸੀਂ ਸਨਿਆਸੀਆਂ ਵਾਲਾ ਭੇਸ ਛੱਡ ਕੇ ਹੁਣ ਦੁਨੀਆਂਦਾਰੀ ਵਾਲਾ ਵੇਸ ਕਿਉਂ ਧਾਰਨ ਕਰ ਲਿਆ ਹੈ। ਇਹ ਕਬੀਲਦਾਰਾਂ ਵਾਲਾ ਵਰਤਾਰਾ ਤੁਹਾਨੂੰ ਨਹੀਂ ਸੋਭਦਾ।

**ਜੋਗੀ ਭੰਗਰ ਨਾਥ** ਕਹਿਣ ਲੱਗਾ ਕਿ ਫਟੇ ਹੋਏ ਦੁੱਧ ਨੂੰ ਰਿੜਕਣ ਨਾਲ ਮੱਖਣ ਨਹੀਂ ਨਿਕਲਦਾ।

**ਗੁਰੂ ਜੀ ਨੇ ਕਿਹਾ:** " ਭੰਗਰ ਨਾਥ, ਮੇਰੀ ਗੱਲ ਧਿਆਨ ਨਾਲ ਸੁਣ, **ਤੂੰ ਕੁਚੱਜੀ ਮਾਂ ਦੀ ਕੁੱਖ ਵਿਚੋਂ ਜਨਮ ਲਿਆ ਹੈ।** ਜਿਸ ਨੂੰ ਮੱਖਣ ਵਿਰੋਲਨਾ ਨਹੀਂ ਆਉਂਦਾ ਸੀ। ਜਿਸ ਕਰਕੇ ਤੂੰ ਸਨਿਆਸ ਧਾਰਨ ਕਰਕੇ ਵੀ ਗ੍ਰਿਸਤੀਆਂ ਦੇ ਘਰਾਂ ਤੋਂ ਮੰਗ ਮੰਗ ਕੇ ਖਾਂਦਾ ਫਿਰਦਾ ਹੈਂ।"

ਇਹ ਸੁਣ ਕੇ ਜੋਗੀਆਂ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ ਅਤੇ ਉਨ੍ਹਾਂ ਨੇ ਗੁਰੂ ਜੀ ਨੂੰ ਪ੍ਰੇਸ਼ਾਨ ਕਰਨ ਲਈ ਕਰਾਮਾਤਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਇਕ ਜੋਗੀ ਨੇ ਸ਼ੇਰ ਦਾ ਰੂਪ ਧਾਰ ਲਿਆ, ਦੂਜੇ ਨੇ ਫਨੀਅਰ ਨਾਗ ਬਣ ਕੇ ਅੰਗਾਰਿਆਂ ਦਾ ਮੀਂਹ ਵਰਸਾਉਣਾ ਸ਼ੁਰੂ ਕਰ ਦਿੱਤਾ। ਪ੍ਰੰਤੂ ਸਰਬਸ਼ਕਤੀਮਾਨ ਗੁਰੂ ਜੀ, ਅਡੋਲ ਅਤੇ ਸ਼ਾਂਤ ਚਿੱਤ ਹੋ ਕੇ ਬੈਠੇ ਰਹੇ। ਗੁਰੂ ਜੀ ਉੱਪਰ ਕਿਸੇ ਵੀ ਅਸਤਰ-ਸ਼ਸਤਰ ਦਾ ਅਸਰ ਨਾ ਹੋਇਆ।

ਜੋਗੀ ਭੰਗਰ ਨਾਥ ਨੇ ਗੁਰੂ ਜੀ ਨੂੰ ਵੀ ਕਰਾਮਾਤਾਂ ਦਿਖਾਉਣ ਲਈ ਉਕਸਾਇਆ। ਗੁਰੂ ਜੀ ਨੇ ਕਿਹਾ, "ਅਲੌਕਿਕ ਸ਼ਕਤੀਆਂ ਦਾ ਪ੍ਰਦਰਸ਼ਨ ਕਰਨਾ ਮਦਾਰੀਆਂ ਦਾ ਕੰਮ ਹੈ। ਜੇ ਕੋਈ ਅਜਿਹਾ ਕਰਦਾ ਹੈ ਤਾਂ ਉਹ ਅਕਾਲਪੁਰਖ ਦੇ ਕੰਮਾਂ ਵਿੱਚ ਦਖਲ ਦੇਂਦਾ ਹੈ। ਜੇ ਤੁਸੀਂ ਸੱਚ ਮੁੱਚ ਜੋਗੀ ਹੋ ਤਾਂ ਤੁਸੀਂ ਪ੍ਰਭੂ ਤੇ ਭਰੋਸਾ ਰੱਖੋ, ਕਿਸੇ ਸੰਸਾਰਕ ਵਸਤੂ ਦੀ ਇੱਛਾ ਨਾ ਕਰੋ। ਜੋ ਕੁਝ ਪ੍ਰਭੂ ਸਹਿਜ ਵਿੱਚ ਦੇਵੇ, ਉਸੇ ਵਿੱਚ ਸਬਰ-ਸੰਤੋਖ ਕਰਕੇ ਗੁਜ਼ਾਰਾ ਕਰਿਆ ਕਰੋ। ਤੁਸੀਂ ਸਿਰਫ ਵਾਹ ਵਾਹ ਲੈਣ ਲਈ ਆਪਣੀ ਸ਼ਕਤੀ ਦਾ ਦੁਰਉਪਯੋਗ ਕਰਦੇ ਹੋ।



ਗੁਰੂ ਜੀ, ਜੋਗੀਆਂ ਨੂੰ ਮੱਤਾਂ ਦਿੰਦਿਆਂ, ਅਚੱਲ ਬਟਾਲਾ

ਇਹ ਕੌੜਾ ਸੱਚ ਸੁਣ ਕੇ ਜੋਗੀ ਬੌਖ਼ਲਾ ਉੱਠੇ।

ਗੁਰੂਦੇਵ ਜੀ ਨੇ ਇਸ ਸੰਬੰਧ ਵਿੱਚ ਇਹ ਅਲਾਹੀ ਬਾਣੀ ਉਚਾਰਨ ਕੀਤੀ:

"ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥ ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ॥ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥੬॥ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ॥ ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ॥ ਬਕੈ ਨ ਬੋਲੈ ਖਿਮਾ ਧਨੁ ਸੰਗ੍ਹੈ ਤਾਮਸੁ ਨਾਮਿ ਜਲਾਏ॥ ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ॥੭॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੧੦੧੩

**ਇਸ ਅਲਾਹੀ ਸ਼ਬਦ ਨੂੰ ਵਿਚਾਰਦੇ ਅਤੇ ਘੋਖਦੇ ਹੋਏ ਜੋਗੀ ਪੁਕਾਰ ਉੱਠੇ। "ਨਾਨਕ ਜੀ ਤੁਸੀਂ ਧੰਨ ਹੋ, ਤੁਸੀਂ ਮਹਾਨ ਹੋ, ਤੁਹਾਡੇ ਕੰਮ ਉੱਤਮ ਅਤੇ ਮਹਾਨ ਹਨ, ਤੁਸੀਂ ਹੀ ਇਸ ਕਲਯੁਗ ਵਿੱਚ ਇਕ ਚਾਨਣ ਮੁਨਾਰਾ ਹੋ।**
ਕੁਝ ਜੋਗੀ ਫਿਰ ਵੀ ਨਹੀਂ ਟਲੇ, ਉਨ੍ਹਾਂ ਨੇ ਆਸ਼ਰਮ ਤੋਂ ਮਦਰਾ (ਸ਼ਰਾਬ) ਮੰਗਵਾਈ ਅਤੇ ਇਕ ਪਿਆਲਾ ਭਰ ਕੇ ਗੁਰੂਦੇਵ ਜੀ ਦੇ ਸਨਮੁੱਖ ਕੀਤਾ।

ਗੁਰੂਦੇਵ ਜੀ ਨੇ ਕਿਹਾ, **"ਮੈਂ ਇਹ ਝੂਠਾ ਨਸ਼ਾ ਨਹੀਂ ਕਰਦਾ। ਮੈਂ,ਪ੍ਰਭੂ ਦਾ ਨਾਮ ਰੂਪੀ,ਸੱਚਾ ਨਸ਼ਾ ਪੀਤਾ ਹੋਇਆ ਹੈ। ਜਿਸ ਨਾਲ ਸਦਾ ਖੁਮਾਰੀ ਚੜੀ ਰਹਿੰਦੀ ਹੈ, ਜਿਸ ਦਾ ਨਸ਼ਾ ਕਦੇ ਵੀ ਨਹੀਂ ਉਤਰਦਾ"।**

ਜੋਗੀ ਹੈਰਾਨ ਹੋ ਕੇ ਪੁੱਛਣ ਲੱਗੇ, "ਇਹ ਕਿਵੇਂ ਤਿਆਰ ਕੀਤਾ ਜਾਂਦਾ ਹੈ? ਤੱਦ ਗੁਰੂਦੇਵ ਜੀ ਨੇ ਇਸ ਪ੍ਰਥਾਏ ਇਹ ਅਲਾਹੀ ਬਾਣੀ ਉਚਾਰਨ ਕੀਤੀ।

"ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ॥੧ ॥ਰਹਾਉ ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੩੬੦

**ਇਸ ਸ਼ਬਦ ਦੇ ਭਾਵਅਰਥ ਸਮਝਣ ਵਿੱਚ ਜੋਗੀਆਂ ਨੂੰ ਦੇਰ ਨਾ ਲੱਗੀ।** ਇਕ ਮੱਤ ਹੋ ਕੇ ਸਾਰੇ ਬੋਲ ਉੱਠੇ **ਧੰਨ ਨਾਨਕ ਤੇਰੀ ਵੱਡੀ ਕਮਾਈ।** ਇਸ ਵਰਤਾਰੇ ਨੂੰ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਕਲਮ ਬੰਦ ਕੀਤਾ ਹੈ।

**"ਸਿਧਿ ਬੋਲਨਿ ਸੁਭ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ॥**
**ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ॥"** (ਭਾਈ ਗੁਰਦਾਸ ਜੀ, ਵਾਰ-1)



**ਗੁਰਦੁਆਰਾ ਸ੍ਰੀ ਅਚੱਲ ਸਾਹਿਬ**

## ਗੁਰੂਦੇਵ ਜੀ ਦੇ ਮਾਤਾ ਪਿਤਾ ਜੀ ਦਾ ਆਕਾਲ ਚਲਾਣਾ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਤਾ-ਪਿਤਾ ਜੀ ਨੂੰ ਆਪਣੇ ਜੀਵਨ ਦੇ ਅੰਤਿਮ ਦਿਨਾਂ ਵਿੱਚ ਸੁਭਾ-ਸ਼ਾਮ ਅਲਾਹੀ ਕੀਰਤਨ ਸਰਵਣ ਕਰਦਿਆਂ ਬ੍ਰਹਮ ਗਿਆਨ ਹੋ ਗਿਆ। ਵਿਸ਼ਵਾਸ ਹੋ ਗਿਆ ਕਿ **ਨਾਨਕ ਜੀ ਉਨ੍ਹਾਂ ਦੇ ਵੰਸ਼ ਦਾ ਗੌਰਵ ਹਨ।** ਇਸ ਤਰ੍ਹਾਂ ਉਨ੍ਹਾਂ ਦਾ ਅੰਤਿਮ ਜੀਵਨ ਬੜਾ ਖੁਸ਼ੀ ਭਰਪੂਰ ਬਤੀਤ ਹੋਇਆ। ਬੁਢਾਪੇ ਦੀ ਅਵਸਥਾ ਹੋ ਜਾਣ ਕਰਕੇ ਉਨ੍ਹਾਂ ਦੀ ਸਿਹਤ ਹੁਣ ਢਿੱਲੀ ਰਹਿੰਦੀ ਸੀ। **ਇਕ ਦਿਨ ਸਵੇਰ ਸਾਰ ਪਿਤਾ, ਬਾਬਾ ਕਾਲੂ ਜੀ ਜੰਗਲ-ਪਾਣੀ ਜਾਣ ਉਪ੍ਰੰਤ ਇਸ਼ਨਾਨ ਕਰਕੇ ਸਮਾਧੀ ਲੀਨ ਹੋ ਗਏ ਅਤੇ ਦੇਹ ਤਿਆਗ ਦਿੱਤੀ।**


ਗੁਰੂਦੇਵ ਜੀ ਨੇ ਸਮੂਹ ਸੰਗਤ ਨਾਲ, ਜਗਤ ਪਿਤਾ ਜੀ ਦਾ, ਧਾਰਮਿਕ ਰਸਮਾਂ ਅਨੁਸਾਰ ਅੰਤਿਮ ਸੰਸਕਾਰ ਸੰਪੰਨ ਕੀਤਾ।

**ਕੁਝ ਦਿਨ ਬਾਅਦ ਮਾਤਾ ਤ੍ਰਿਪਤਾ ਜੀ ਨੇ ਵੀ ਸਹਿਜ ਅਵਸਥਾ ਵਿੱਚ ਦੇਹ ਤਿਆਗ ਦਿੱਤੀ।** ਬੜੇ ਸਤਿਕਾਰ ਸਹਿਤ ਜਗਤ ਮਾਤਾ ਜੀ ਦੀਆਂ ਅੰਤਮ ਰਸਮਾਂ ਵੀ ਪੂਰੀਆਂ ਕੀਤੀਆਂ ਗਈਆਂ।

## ਭਾਈ ਮਰਦਾਨਾ ਜੀ ਦਾ ਪਰਲੋਕ ਸਿਧਾਰਨਾ

ਭਾਈ ਮਰਦਾਨਾ ਜੀ ਦੀ ਸਿਹਤ ਠੀਕ ਨਾ ਹੋਣ ਕਰਕੇ ਉਨ੍ਹਾਂ ਨੇ ਆਪਣੇ **ਪੁੱਤਰ ਸ਼ਾਹਜ਼ਾਦ ਜੀ** ਨੂੰ ਗੁਰੂ ਘਰ ਵਿੱਚ ਕੀਰਤਨ ਦੀ ਸੇਵਾ ਨਿਭਾਉਣ ਲਈ ਲਗਾ ਦਿੱਤਾ। ਇਕ ਦਿਨ ਗੁਰੂਦੇਵ ਜੀ ਉਨ੍ਹਾਂ ਦੇ ਘਰ ਗਏ।

ਭਾਈ ਮਰਦਾਨਾ ਜੀ ਨੇ ਬੇਨਤੀ ਕੀਤੀ ਕਿ ਉਸ ਦਾ ਅੰਤ ਸਮਾਂ ਆ ਗਿਆ ਹੈ ਇਸ ਲਈ ਉਸ ਨੂੰ ਵਿਦਾ ਕਰ ਦੇਣ। ਗੁਰੂਦੇਵ ਜੀ ਨੇ ਉਨ੍ਹਾਂ ਨੂੰ ਪਿਆਰ ਨਾਲ ਕਿਹਾ, "ਸਰੀਰ ਕਰਕੇ ਤਾਂ ਸਾਰਿਆਂ ਨੇ ਇਹ ਸੰਸਾਰ ਤਿਆਗ ਕੇ ਵਿਦਾ ਹੋਣਾ ਹੀ ਹੁੰਦਾ ਹੈ ਪਰ ਆਤਮਿਕ ਦ੍ਰਿਸ਼ਟੀ ਕੋਨ ਤੋਂ ਤੁਸੀਂ ਕਦੇ ਵੀ ਨਹੀਂ ਵਿੱਛੜ ਸਕਦੇ।



ਪੁਰਾਤਨ ਪ੍ਰਕਾਸ਼ ਅਸਥਾਨ, ਸ੍ਰੀ ਕਰਤਾਰਪੁਰ ਸਾਹਿਬ

ਖੈਰ! ਹੁਣ ਤੁਸੀਂ ਆਪਣੀ ਅੰਤਿਮ ਇੱਛਾ ਦੱਸੋ ਕਿ ਤੁਹਾਡਾ ਅੰਤਿਮ ਸੰਸਕਾਰ ਕਿਸ ਵਿਧੀ ਅਨੁਸਾਰ ਕੀਤਾ ਜਾਵੇ? ਮੁਸਲਿਮ ਰੀਤ ਅਨੁਸਾਰ ਕਬਰ ਬਣਵਾ ਕੇ ਆਪ ਦੀ ਯਾਦਗਾਰ ਸਥਾਪਿਤ ਕੀਤੀ ਜਾਵੇ? ਲੋਕ ਪੂਜਿਆ ਕਰਨਗੇ।

ਇਹ ਸੁਣ ਕੇ ਭਾਈ ਮਰਦਾਨਾ ਜੀ ਦੀਆਂ ਅੱਖਾਂ ਭਰ ਆਈਆਂ ਅਤੇ ਕਹਿਣ ਲੱਗੇ, ਹੇ ਗੁਰੁਦੇਵ ਜੀ! ਮੈਂ ਤੁਹਾਡੇ ਨਾਲ ਸਾਰੀ ਉਮਰ ਇਕ ਮਿੱਕ ਹੋ ਕੇ ਰਿਹਾ ਹਾਂ। **ਮੈਂਨੂੰ ਸਰੀਰ ਰੂਪੀ ਪਿੰਜਰੇ ਵਿਚੋਂ ਕੱਢ ਕੇ ਪੱਥਰਾਂ ਦੀ ਕਬਰ ਵਿੱਚ ਕੈਦ ਨਾ ਕਰਨਾ।** ਮੇਰੀ ਹੁਣ ਕੋਈ ਮੰਗ ਨਹੀਂ ਰਹੀ। ਇਹ ਕਹਿ ਕੇ ਉਨ੍ਹਾਂ ਨੇ ਗੁਰਦੇਵ ਜੀ ਦੀ ਗੋਦ ਵਿੱਚ ਸਰੀਰ ਤਿਆਗ ਦਿੱਤਾ।

ਗੁਰੂਦੇਵ ਜੀ ਨੇ ਉਨ੍ਹਾਂ ਦਾ ਅੰਤਿਮ ਸੰਸਕਾਰ ਰਾਵੀ ਨਦੀ ਦੇ ਤੱਟ ਤੇ ਕਰ ਦਿੱਤਾ। ਸਮਾਂ ਪਾ ਕੇ ਹੜ੍ਹ ਆਇਆ ਤੇ ਸਾਰਾ ਕੁਝ ਰੋੜ੍ਹ ਕੇ ਲੈ ਗਿਆ।

ਨੋਟ:- ਇਹ ਸਮਾਂ 1534 ਈ: ਦਾ ਹੈ । ਭਾਈ ਮਰਦਾਨਾ ਜੀ ਨੇ ਆਪਣੇ ਜੀਵਨ ਦੇ 54 ਸਾਲ ਗੁਰੂ ਜੀ ਦੀ ਸੰਗਤ ਦਾ ਆਨੰਦ ਮਾਣਿਆ। ਸਿੱਖ ਇਤਿਹਾਸ ਵਿੱਚ ਕਿਸੇ ਵੀ ਹੋਰ ਸਿੱਖ ਨੂੰ ਇਤਨਾ ਲੰਮਾ ਸਮਾਂ 24 ਘੰਟੇ ਗੁਰੂ ਜੀ ਦੇ ਅੰਗ ਸੰਗ ਰਹਿਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ।

## ਜੀਵਨ ਪਦਵੀ ਪਾਉਣ ਵਾਲੇ ਗੁਰਸਿੱਖ

ਸਮੇਂ ਸਮੇਂ ਤੇ ਸ੍ਰੀ ਕਰਤਾਰਪੁਰ ਸਾਹਿਬ ਆ ਕੇ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਲਾਹੀ ਉਪਦੇਸ਼ਾਂ ਨੂੰ ਜੀਵਨ ਵਿੱਚ ਧਾਰਨ ਕਰਕੇ ਜੀਵਨ ਪਦਵੀ ਪਾਉਣ ਵਾਲੇ ਗੁਰਸਿੱਖਾਂ ਵਿੱਚ ਭਾਈ ਤਾਰੂ ਜੀ, (ਫਾਇਰ ਬ੍ਰਗੇਡ ਦੇ ਬਾਨੀ, ਹਵਾਲਾ: ਪਿ. ਸਤਬੀਰ ਸਿੰਘ।) ਭਾਈ ਮੂਲਾ ਜੀ, ਭਾਈ ਪ੍ਰਿਥਾ ਜੀ, ਭਾਈ ਖੇੜਾ ਜੀ, ਭਾਈ ਪ੍ਰਿਥੀ ਮੱਲ ਜੀ, ਭਾਈ ਰਾਮਾ ਡੰਡੀ ਜੀ, ਨਵਾਬ ਦੌਲਤ ਖ਼ਾਂ ਜੀ, ਭਾਈ ਮਾਲ੍ਹੋ ਜੀ, ਭਾਈ ਮਾਂਘਾ ਜੀ, ਭਾਈ ਕਾਲੂ ਜੀ, ਭਾਈ ਭਗਤਾ ਜੀ, ਭਾਈ ਵੰਸ਼ੀ ਜੀ, ਭਾਈ ਸੀਹਾਂ ਜੀ, ਭਾਈ ਗੱਜਣ ਉੱਪਲ ਜੀ, ਭਾਈ ਭਗੀਰਥ ਜੀ, ਭਾਈ ਅਜਿੱਤਾ ਰੰਧਾਵਾ ਜੀ, ਭਾਈ ਫਿਰਣਾ ਜੀ, ਭਾਈ ਜਾਪੂ ਜੀ, ਸ਼ੇਖ਼ ਉਬਾਰੇ ਖਾਨ ਜੀ, ਫਕੀਰ ਅਬਦੁੱਲ ਰਹਿਮਾਨ, ਭਾਈ ਜੋਧਾ ਜੀ, ਭਾਈ ਲਾਲੋ ਜੀ ਆਦਿ । **(ਹਵਾਲਾ: ਭਾਈ ਗੁਰਦਾਸ ਜੀ)**



**ਸ੍ਰੀ ਗੁਰੂ ਨਾਨਕ ਦੇਵ ਜੀ ਸੰਗਤ ਨੂੰ ਉਪਦੇਸ਼ ਕਰਦਿਆਂ (ਕਰਤਾਰਪੁਰ ਸਾਹਿਬ)**

## ਸਿੱਖੀ ਦੇ ਸੰਤੁਲਤ ਆਦਰਸ਼ਵਾਦ ਦੇ ਸਿਧਾਂਤ

ਇਕ ਦਿਨ ਗੁਰੁਦੇਵ ਜੀ ਨੇ ਸਭ ਸਿੱਖਾਂ ਨੂੰ ਸੰਬੋਧਨ ਕਰਦਿਆਂ ਕਿਹਾ, ਉਦੇਸ਼ ਦੀ ਪ੍ਰਾਪਤੀ ਤਾਂ ਹੀ ਸੰਭਵ ਹੋ ਸਕਦੀ ਹੈ ਜੇ ਅਸੀਂ ਅਧਿਆਤਮਿਕ ਤੇ ਮਾਨਸਿਕ ਤੌਰ ਤੇ ਸ਼ਕਤੀਸ਼ਾਲੀ ਹੋਈਏ। ਕਿਉਂਕਿ ਕੁਦਰਤ ਦਾ ਸਿਧਾਂਤ ਹੈ ਕਿ ਕਮਜ਼ੋਰ ਨੂੰ ਤਾਕਤਵਰ ਮਾਰ ਦੇਂਦਾ ਹੈ (**ਵੱਡੀ ਮੱਛੀ ਛੋਟੀਆਂ ਮੱਛੀਆਂ ਨੂੰ ਖਾ ਕੇ ਜਿਉਂਦੀ ਹੈ।**) ਗੁਰੂ ਜੀ ਨੇ ਪ੍ਰਾਕਿਰਤੀ ਦੇ ਸਿਧਾਂਤਾਂ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ:-

**ਸ਼ਕਤੀ ਗ੍ਰਹਿਣ ਕਰਨ ਦੇ ਅੱਠ ਸਿਧਾਂਤ ਹੁੰਦੇ ਹਨ:-**

1. **ਸ੍ਰੀਰਕ ਸ਼ਕਤੀ** ਮਨੁੱਖ ਦਾ ਮੂਲ ਸੋਮਾ ਹੈ। ਇਸ ਦੀ ਪ੍ਰਾਪਤੀ ਲਈ ਹਮੇਸ਼ਾ ਸੰਤੁਲਿਤ ਤੇ ਤਾਜ਼ਾ ਭੋਜਨ ਕਰਨਾ ਹੁੰਦਾ ਹੈ। ਨਸ਼ੇ, ਚਿੰਤਾਵਾਂ ਤੋਂ ਦੂਰ ਰਹਿਣਾ ਅਤੇ ਨਿਯਮਿਤ ਕਸਰਤ ਆਦਿ ਕਰਨਾ ਜ਼ਰੂਰੀ ਹੈ।

2. **ਮਾਨਸਿਕ ਸ਼ਕਤੀ** ਦੀ ਪ੍ਰਾਪਤੀ ਲਈ ਹਰੇਕ ਵਿਅਕਤੀ ਦਾ ਪੜਿਆ ਲਿਖਿਆ ਤੇ ਸੰਪੂਰਨ ਜਾਣਕਾਰ ਹੋਣਾ ਅਤੀ ਜ਼ਰੂਰੀ ਹੈ। ਇਸ ਉੱਦੇਸ਼ ਦੀ ਪ੍ਰਾਪਤੀ ਲਈ ਮਾਤ-ਭਾਸ਼ਾ ਨੂੰ ਸਾਧਨ ਬਣਾਉਣਾ ਜ਼ਰੂਰੀ ਹੈ।

3. **ਆਤਮਿਕ ਸ਼ਕਤੀ** ਦੀ ਪ੍ਰਾਪਤੀ ਲਈ ਹਰੇਕ ਵਿਅਕਤੀ ਨੂੰ ਸਵੇਰ-ਦੇ -ਇਸ਼ਨਾਨ ਆਦਿ ਕਰਨ ਉਪ੍ਰੰਤ ਮਨ ਇਕਾਗਰ ਕਰਕੇ ਪ੍ਰਭੂ ਚਿੰਤਨ ਕਰਨਾ ਹੁੰਦਾ ਹੈ।

4. **ਧਨ ਦੀ ਸ਼ਕਤੀ** ਦੀ ਪ੍ਰਾਪਤੀ ਲਈ ਹਰੇਕ ਵਿਅਕਤੀ ਨੂੰ ਮਿਹਨਤੀ ਬਣ ਕੇ, ਆਪਣੀ ਉਪਜੀਵਿਕਾ ਆਪ ਕਮਾਉਣੀ ਚਾਹੀਦੀ ਹੈ। ਕਿਰਤ ਕਰੋ ਵੰਡ ਛਕੋ ਨਾਮ ਜਪੋ ਦੇ ਮੂਲ ਸਿਧਾਂਤ ਤੇ ਪਹਿਰਾ ਦੇਣਾ ਹੁੰਦਾ ਹੈ।

5. **ਪਦਵੀ (ਉਪਾਧੀ) ਦੀ ਸ਼ਕਤੀ** ਦੀ ਪ੍ਰਾਪਤੀ ਲਈ ਚਲੰਤ ਰਾਜਨੀਤੀ ਵਿੱਚ ਯਥਾਯੋਗ ਹਿੱਸਾ ਲੈਂਦਿਆਂ ਯੋਗਤਾ ਦੇ ਬਲ ਤੇ ਉੱਚੀ ਪਦਵੀ ਪ੍ਰਾਪਤ ਕਰਕੇ ਮਾਨਵ ਕਲਿਆਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

6. **ਸ਼ਸਤਰ ਵਿੱਦਿਆ ਸ਼ਕਤੀ:-** ਹਰੇਕ ਵਿਅਕਤੀ ਨੂੰ ਆਪਣੀ ਸੁਰੱਖਿਆ ਦੇ ਲਈ ਸਮੇਂ ਅਨੁਸਾਰ ਆਧੁਨਿਕ ਸ਼ਸਤਰ ਧਾਰਨ ਕਰਕੇ ਆਤਮ-ਰੱਖਿਅਕ ਹੋਣਾ ਜ਼ਰੂਰੀ ਹੁੰਦਾ ਹੈ।

7. **ਜਨ ਸ਼ਕਤੀ:-** ਗੁਰਮਤਿ ਵਿਚਾਰਧਾਰਾ ਦਾ ਪ੍ਰਚਾਰ ਕਰਕੇ ਆਪਣੀ ਸੰਪਰਦਾਏ ਨੂੰ ਹਮੇਸ਼ਾ ਪ੍ਰਫੁੱਲਤ ਕਰਨਾ ਚਾਹੀਦਾ ਹੈ।

8. **ਏਕੇ ਦੀ ਸ਼ਕਤੀ:-** ਆਪਸੀ ਮਤਭੇਦਾਂ ਨੂੰ ਭੁਲਾ ਕੇ, ਸੰਗਠਿਤ ਹੋ ਕੇ ਰਹਿਣਾ ਹੀ ਸਭ ਤੋਂ ਵੱਡੀ ਸ਼ਕਤੀ ਹੈ।

**"ਇਕ ਇਕੱਲਾ ਤੇ ਦੋ ਗਿਆਰਾਂ"**

ਇਨ੍ਹਾਂ ਅੱਠ ਸ਼ਕਤੀਆਂ ਦੀ ਪ੍ਰਾਪਤੀ ਹੀ ਮਨੁੱਖ ਲਈ ਸੰਪੂਰਨ ਆਜ਼ਾਦੀ ਹੈ। ਇਨ੍ਹਾਂ ਸ਼ਕਤੀਆਂ ਦਾ ਸਦਉਪਯੋਗ ਕਰਕੇ ਹੀ ਸਮੁੱਚੇ ਸਮਾਜ ਦੀ ਉੱਨਤੀ ਸੰਭਵ ਹੈ:-

ਇਸ ਤੋਂ ਉਪ੍ਰੰਤ ਮਨੁੱਖ ਦੇ ਕਰਤਵ ਅਤੇ ਅਧਿਕਾਰ ਵੀ ਧਿਆਨ ਵਿੱਚ ਰੱਖਣੇ ਅਤਿਅੰਤ ਜ਼ਰੂਰੀ ਹਨ।

1. **ਸਾਂਝੀਵਾਲਤਾ ਦਾ ਕਰਤਵ ਅਤੇ ਅਧਿਕਾਰ:-** ਅਛੂਤ ਕਹੀਆਂ ਜਾਣ ਵਾਲੀਆਂ ਜਾਤੀਆਂ ਨੂੰ ਸਮਾਨਤਾ ਦਾ


ਅਧਿਕਾਰ ਦਿਵਾਉਣ ਲਈ ਉਨ੍ਹਾਂ ਨੂੰ ਆਪਣੇ ਵੱਲੋਂ ਪ੍ਰੇਮ-ਪਿਆਰ ਅਰਥਾਤ ਸਤਿਕਾਰ ਦੇਣਾ ਅਤੇ ਅਸਲ ਜੀਵਨ ਜਿਉਂਣ ਦੇ ਸਾਧਨ ਉਪਲਭਦ ਕਰਵਾਉਣੇ।

**2. ਆਰਥਿਕ ਸ਼ੋਸ਼ਣ:-** ਅਮੀਰ ਵਰਗ ਨੂੰ ਗਰੀਬਾਂ ਦਾ ਸ਼ੋਸ਼ਨ ਕਰਨ ਤੋਂ ਵਰਜਣਾ। ਲੋੜਵੰਦ ਦੀ ਸਹਾਇਤਾ ਕਰਨਾ।

**3. ਅੰਧਵਿਸ਼ਵਾਸ** ਦੂਰ ਕਰਕੇ ਪਖੰਡਾਂ ਤੇ ਪਖੰਡੀਆਂ ਨੂੰ ਵਿਗਿਆਨਿਕ ਦ੍ਰਿਸ਼ਟੀਕੋਣ ਅਨੁਸਾਰ ਸਿੱਧੇ ਰਾਹੇ ਪਾਉਣਾ। ਅੰਧਵਿਸ਼ਵਾਸੀ ਨੂੰ ਕੁਦਰਤ ਦੇ ਨੀਯਮਾਂ ਦੀ ਪਾਲਨਾ ਕਰਨਾ ਸਿਖਾਉਣਾ ਹੈ।

**4. ਰਾਜਨੀਤਿਕ ਕਰਤਵ:-** ਦੁਸ਼ਟ ਅਤੇ ਸੁਆਰਥੀ ਸ਼ਾਸਕਾਂ ਦੇ ਅੱਤਿਆਚਾਰਾਂ ਵਿਰੁੱਧ ਜਨ-ਅੰਦੋਲਨ ਚਲਾਉਣ ਲਈ ਜਾਗ੍ਰਿਤੀ ਲਿਆਉਣਾ ਤਾਂ ਜੋ ਰਾਜਨੀਤਿਕ ਸ਼ਕਤੀ ਕਿਸੇ ਆਦਰਸ਼ਵਾਦੀ ਮਨੁੱਖ ਦੇ ਹੱਥਾਂ ਵਿੱਚ ਹੋਵੇ।

**ਅਸਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਉਦੇਸ਼ਾਂ ਦੀ ਪੂਰਤੀ ਕਰਨ ਲਈ ਯੋਜਨਾ ਬੱਧ ਢੰਗ ਨਾਲ ਪ੍ਰੋਗਰਾਮ ਉਲੀਕਿਆ ਤਾਂ ਕਿ ਉਨ੍ਹਾਂ ਦੇ ਪੰਜ ਭੌਤਿਕ ਸ੍ਰੀਰ ਛਡਨ ਉਪ੍ਰੰਤ ਇਹ ਕੰਮ ਕਿਸੇ ਯੋਗ ਨਿਸ਼ਠਾਵਾਨ, ਸੰਪੂਰਨ, ਸਮਰਪਿਤ ਵਿਅਕਤੀ ਨੂੰ ਸੌਂਪਿਆ ਜਾਵੇ। ਜਿਸ ਨਾਲ ਉਨ੍ਹਾਂ ਦੇ ਉਦੇਸ਼ ਦੀ ਪ੍ਰਾਪਤੀ ਵਿੱਚ ਸਮੇਂ ਦੇ ਨਾਲ ਕੋਈ ਰੁਕਾਵਟ ਪੈਦਾ ਨਾ ਹੋਵੇ। ਇਸ ਲਈ ਉਨ੍ਹਾਂ ਨੇ ਆਪਣੇ ਪੁੱਤਰਾਂ ਅਤੇ ਨਿਕਟ ਵਰਤੀ ਸੇਵਕਾਂ ਨੂੰ ਕਸੌਟੀ ਤੇ ਪਰਖ ਕੇ ਉਚਿੱਤ ਫੈਸਲਾ ਲੈਣਾ ਦਾ ਵਿਚਾਰ ਬਣਾਇਆ।**



**ਗੁਰੂ ਜੀ ਆਪਣੇ ਵਿਚਾਰ ਅਤੇ ਅਲਾਹੀ ਬਚਨ ਆਪਣੀ ਪੌਥੀ ਵਿੱਚ ਦਰਜ ਕਰਦਿਆਂ**

ੴ ਸਤਿਗੁਰ ਪ੍ਰਸਾਦਿ ॥

# ਭਾਈ ਲਹਿਣਾ ਜੀ

**ਪਿਛੋਕੜ:-** ਭਾਈ ਲਹਿਣਾ ਜੀ ਦਾ ਜਨਮ, 18 ਅਪ੍ਰੈਲ 1504 ਈਸਵੀ (4 ਵੈਸਾਖ ਸੰਮਤ 1561) ਨੂੰ **ਪਿੰਡ ਮੱਤੇ ਦੀ ਸਰਾਂ, ਜ਼ਿਲਾ ਫਰੀਦਕੋਟ, ਪੰਜਾਬ,** ਪਿਤਾ ਫੇਰੂਮੱਲ ਜੀ ਦੇ ਗ੍ਰਿਹਿਵਿੱਖੇ ਮਾਤਾ ਦਇਆ ਜੀ ਦੀ ਕੁੱਖੋਂ ਹੋਇਆ। **(ਇਹ ਪਿੰਡ ਕੋਟਕਪੂਰਾ ਤੋਂ ਮੁਕਤਸਰ ਜਾਂਦਿਆਂ ਸੜਕ ਦੇ ਖੱਬੇ ਹੱਥ ਸਥਿੱਤ ਹੈ।)**

ਫੇਰੂ ਮੱਲ ਜੀ, ਸਥਾਨਿਕ **ਚੌਧਰੀ ਤਖਤ ਮੱਲ** ਦੇ ਕੋਲ ਮੁਨੀਮ (ਹਿਸਾਬ ਰੱਖਣ ਵਾਲਾ) ਦਾ ਕੰਮ ਕਰਦੇ ਸਨ। ਉਨ੍ਹਾਂ ਨੇ ਲਹਿਣਾ ਜੀ ਲਈ ਵਿੱਦਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ। ਉਹ ਸਨਾਤਨ ਧਰਮ ਨੂੰ ਮੰਨਣ ਵਾਲੇ ਸਨ। ਉਹ ਸਾਲ ਵਿੱਚ ਇਕ ਵਾਰੀ ਵੈਸ਼ਨੂੰ ਦੇਵੀ ਦੇ ਦਰਸ਼ਨਾਂ ਲਈ ਕਟੜੇ (ਜੰਮੂ) ਜਾਇਆ ਕਰਦੇ ਸਨ।

ਚੌਧਰੀ ਤਖਤਮਲ ਦੀ ਬੇਟੀ ਸਭਰਾਈ **(ਵਿਰਾਈ)** ਫੇਰੂਮਲ ਜੀ ਦੀ ਮੂੰਹ ਬੋਲੀ ਭੈਣ ਸੀ। ਉਸ ਦਾ ਵਿਆਹ ਖਡੂਰ ਨਗਰ ਵਿੱਚ ਇਕ ਅਮੀਰ ਘਰਾਣੇ ਦੇ **ਚੌਧਰੀ ਮਹਿਮੇ** ਨਾਲ ਹੋ ਗਿਆ। ਕੁਝ ਸਮੇਂ ਬਾਅਦ **'ਵਿਰਾਈ'** ਨੇ ਆਪਣੇ ਭਤੀਜੇ ਲਹਿਣਾ ਜੀ ਦਾ ਵਿਆਹ ਖਡੂਰ ਤੋਂ ਦੋ ਮੀਲ ਦੀ ਦੂਰੀ ਤੇ ਸਥਿੱਤ **ਸੰਘਰ ਪਿੰਡ** ਦੇ ਦੇਵੀ ਚੰਦ ਮਰਵਾਹਾ ਦੀ ਸਪੁੱਤਰੀ **ਕੁਮਾਰੀ ਖੇਮਵਤੀ (ਖੀਵੀ)** ਨਾਲ ਕਰਵਾ ਦਿੱਤਾ, ਇਹ ਵਿਆਹ ਸੰਨ 1519 ਈ: ਵਿੱਚ ਹੋਇਆ ਦੱਸਿਆ ਜਾਂਦਾ ਹੈ।

ਆਪਣੇ ਪਿਤਾ ਜੀ ਦੇ ਸਹਿਯੋਗ ਨਾਲ ਲਹਿਣਾ ਜੀ ਨੇ ਮੱਤੇ ਦੀ ਸਰਾਂ ਵਿਖੇ ਵਾਪਾਰ ਸ਼ੁਰੂ ਕੀਤਾ। ਉਨ੍ਹਾਂ ਦਿਨਾਂ ਵਿੱਚ ਵਿਦੇਸ਼ੀ ਹਮਲਾਵਰਾਂ ਦੇ ਕਾਰਨ ਦੇਸ਼ ਵਿੱਚ ਸਥਿਰਤਾ ਨਾ ਰਹੀ। ਅਜਿਹੇ ਹਲਾਤਾਂ ਕਾਰਨ ਲਹਿਣਾ ਜੀ ਆਪਣੇ ਸਹੁਰਿਆਂ ਦੇ ਪਿੰਡ ਦੇ ਨੇੜੇ ਆਪਣੀ ਭੂਆ ਜੀ ਦੇ ਨਗਰ ਖਡੂਰ ਵਿੱਚ ਆ ਵੱਸੇ। ਖਡੂਰ ਨਗਰ ਵਿੱਚ ਵੀ ਆਪ ਨੇ ਉਹੀ ਕਿੱਤਾ ਅਪਣਾਇਆ। ਇੱਥੇ ਵੀ ਆਪ ਦੇ ਪਿਤਾ ਸ੍ਰੀ ਫੇਰੂਮੱਲ ਜੀ ਨੇ **ਵੈਸ਼ਨੂੰ ਦੇਵੀ** ਦੇ ਭਗਤਾਂ ਦੀ ਇਕ ਸਭਾ ਬਣਾ ਲਈ।

ਲਹਿਣਾ ਜੀ ਦੇ ਦੋ ਪੁੱਤਰ, ਦਾਤੂ ਜੀ ਤੇ ਦਾਸੂ ਜੀ ਅਤੇ ਦੋ ਪੁੱਤਰੀਆਂ, ਅਮਰੋ ਜੀ ਅਤੇ ਅਨੋਖੀ ਜੀ ਸਨ। ਇਸ ਤਰ੍ਹਾਂ ਆਪ ਖਡੂਰ ਨਗਰ ਵਿੱਚ ਰਹਿ ਕੇ ਖੁਸ਼ਹਾਲ ਜੀਵਨ ਜਿਉਂਣ ਲੱਗੇ।

## ਕਰਤਾਰਪੁਰ ਆਉਣਾ

ਇਕ ਦਿਨ ਸਵੇਰ ਸਾਰ ਖਡੂਰ ਨਗਰ ਦੇ ਖੂਹ ਤੇ ਇਸ਼ਨਾਨ ਕਰਦਿਆਂ **ਭਾਈ ਲਹਿਣਾ ਜੀ ਨੇ ਉੱਥੋਂ ਦੇ ਵਸਨੀਕ ਭਾਈ ਜੋਧਾ ਜੀ** ਦੇ ਮੂੰਹੋਂ ਬੜੀ ਮਿੱਠੀ ਸੁਰ ਵਿੱਚ ਪ੍ਰਭੂ ਉਸਤਤ ਸੁਣੀ। ਜਿਸ ਦਾ ਭਾਵ ਅਰਥ ਮਨੁੱਖ ਨੂੰ ਆਦਰਸ਼ ਜੀਵਨ ਜਿਉਂਣ ਦੀ ਪ੍ਰੇਰਨਾ ਸੀ। ਇਹ ਅਲਾਹੀ ਬਾਣੀ ਇਸ ਤਰ੍ਹਾਂ ਹੈ:-

"ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥ ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥ ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥
ਕਿਛੁ ਲਾਹੇ ਉਪਰਿ ਘਾਲੀਐ ॥੨੧॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੪੭੪)

ਧਿਆਨ ਨਾਲ ਜਦੋਂ ਦੁਬਾਰਾ ਇਹੀ ਸ਼ਬਦ ਭਾਈ ਲਹਿਣਾ ਜੀ ਨੇ ਸੁਣਿਆ ਤਾਂ ਉਨ੍ਹਾਂ ਨੂੰ ਇਸ ਵਿੱਚੋਂ ਅਧਿਆਤਮਿਕਤਾ ਅਨੁਭਵ ਹੋਈ। ਭਾਈ ਲਹਿਣਾ ਜੀ ਨੇ ਭਾਈ ਜੋਧਾ ਨੂੰ ਨਿਮਰਤਾ ਸਹਿਤ ਪੁੱਛਿਆ, "ਤੁਸੀਂ ਜਿਹੜੀ ਬਾਣੀ ਗਾ ਰਹੇ ਹੋ, ਉਹ ਕਿਸ ਮਹਾਂਪੁਰਸ਼ ਦੀ ਬਾਣੀ ਹੈ?" ਭਾਈ ਜੋਧਾ ਜੀ ਨੇ ਦੱਸਿਆ, **"ਰਾਵੀ ਨਦੀ ਦੇ ਕੰਢੇ ਤੇ ਨਵੇਂ ਵੱਸੇ ਨਗਰ, ਕਰਤਾਰਪੁਰ ਵਾਸੀ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਅਲਾਹੀ ਬਾਣੀ ਦੇ ਉਚਾਰਨ ਕਰਤਾ ਹਨ।"**

ਇਹ ਸੁਣ ਕੇ ਭਾਈ ਲਹਿਣਾ ਜੀ ਨੂੰ ਯਾਦ ਆਇਆ ਕਿ ਉਨ੍ਹਾਂ ਦੇ ਭੂਆ ਜੀ ਵੀ ਗੁਰੂ ਜੀ ਬਾਰੇ ਅਕਸਰ ਦੱਸਦੇ ਰਹਿੰਦੇ ਹਨ ਅਤੇ ਉਹ ਉਨ੍ਹਾਂ ਦੇ ਦਰਸ਼ਨਾਂ ਲਈ ਵੀ ਜਾਇਆ ਕਰਦੇ ਹਨ। ਲਹਿਣਾ ਜੀ ਨੇ ਫੈਸਲਾ ਕੀਤਾ ਕਿ ਇਸ ਵਾਰ ਦੇਵੀ ਦੇ ਦਰਸ਼ਨਾਂ ਲਈ ਜਾਵਾਂਗਾ ਤਾਂ ਰਾਹ ਵਿੱਚ ਰੁਕ ਕੇ ਗੁਰੂਜੀ ਦੇ ਦਰਸ਼ਨ ਵੀ ਜ਼ਰੂਰ ਕਰਾਂਗਾ।

ਸਮਾਂ ਆਉਣ ਤੇ, ਦੁਕਾਨ ਦਾ ਕੰਮ ਆਪਣੇ ਪੁੱਤਰਾਂ ਨੂੰ ਸੌਂਪ ਕੇ ਭਾਈ ਲਹਿਣਾ ਜੀ ਦੇਵੀ ਭਗਤਾਂ ਦੀ ਸਭਾ ਨਾਲ ਵੈਸ਼ਨੂੰ ਦੇਵੀ ਦੇ ਦਰਸ਼ਨਾਂ ਲਈ ਚੱਲ ਪਏ। ਰਾਹ ਵਿੱਚ ਰਾਵੀ ਨਦੀ ਪਾਰ ਕਰਕੇ ਕਰਤਾਰਪੁਰ ਦੇ ਨੇੜੇ ਪਹੁੰਚੇ, ਤਾਂ ਆਪਣੇ ਸਾਥੀਆਂ ਨੂੰ ਆਰਾਮ ਕਰਨ ਲਈ ਛੱਡ ਕੇ ਆਪ ਗੁਰੂਦੇਵ ਜੀ ਦੇ ਦਰਸ਼ਨਾਂ ਲਈ ਕਰਤਾਰਪੁਰ ਨਗਰ ਵੱਲ ਚੱਲ ਪਏ।

## ਗੁਰੂਦੇਵ ਜੀ ਨਾਲ ਮਿਲਾਪ



ਅਨਜਾਣਪੁਣੇ ਵਿੱਚ, ਬਾਬਾ ਲਹਿਣਾ ਜੀ ਗੁਰੂ ਜੀ ਤੋਂ ਹੀ ਉਨ੍ਹਾਂ ਦਾ ਘਰ ਪੁਛਦੇ ਹੋਏ

ਸੁਭਾਵਿਕ ਹੀ ਉਸ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ, ਆਪਣੇ ਖੇਤਾਂ ਨੂੰ ਪਾਣੀ ਦੇ ਰਹੇ ਸਨ ਭਾਈ ਲਹਿਣਾ ਜੀ ਨੇ ਕੋਲ ਜਾ ਕੇ ਪੁੱਛਿਆ, **"ਬਾਬਾ ਜੀ ! ਮੈਂ ਗੁਰੂ ਨਾਨਕ ਦੇਵ ਜੀ ਦੇ ਘਰ ਜਾਣਾ ਹੈ,"**

ਗੁਰੂਦੇਵ ਜੀ ਨੇ ਕਿਹਾ, ਮੈਂ ਤੁਹਾਨੂੰ ਉੱਥੇ ਲੈ ਚੱਲਦਾ ਹਾਂ। ਗੁਰੂਦੇਵ ਜੀ, ਘੋੜੇ ਦੀ ਲਗਾਮ ਫੜ ਕੇ ਚੱਲ ਪਏ। ਡੇਰੇ ਵਿੱਚ ਪਹੁੰਚ ਕੇ ਗੁਰੂਦੇਵ ਜੀ ਨੇ ਕਿਹਾ, **"ਆਪ ਘੋੜਾ ਸਾਹਮਣੇ ਦਰੱਖਤ ਨਾਲ ਬੰਨ੍ਹ ਕੇ ਅੰਦਰ ਆ ਜਾਓ।"**

ਇਤਨੇ ਵਿੱਚ ਗੁਰੂਦੇਵ ਜੀ ਆਪਣੇ ਆਸਣ ਤੇ ਜਾ ਬਿਰਾਜੇ। ਘੋੜਾ ਬੰਨ ਕੇ ਜਦੋਂ ਲਹਿਣਾ ਜੀ ਨੇ ਅੰਦਰ ਲਗਾਮ ਫੜਨ ਵਾਲਿਆਂ ਨੂੰ ਸਾਹਮਣੇ ਬੈਠੇ ਤੱਕਿਆ ਤਾਂ ਝਿਜਕਦਿਆਂ ਹੋਇਆਂ ਕਿਹਾ, **"ਮੁਆਫ ਕਰਨਾ ਜੀ, ਮੈਂ ਤੁਹਾਨੂੰ ਪਹਿਚਾਣਦਾ ਨਹੀਂ ਸਾਂ, ਨਹੀਂ ਤਾਂ ਅਜਿਹੀ ਭੁੱਲ ਕਦੀ ਨਾ ਕਰਦਾ।"**

ਗੁਰੂਦੇਵ ਜੀ ਦੇ ਪੁੱਛਣ ਤੇ ਉਨ੍ਹਾਂ, **ਆਪਣਾ ਨਾਂ,ਲਹਿਣਾ ਦੱਸਿਆ।** ਗੁਰੂਦੇਵ ਜੀ ਨੇ ਕਿਹਾ, **ਤੁਸੀਂ ਲਹਿਣੇਦਾਰ ਹੋ ਅਤੇ ਅਸੀਂ ਦੇਣਦਾਰ। ਬੱਸ ਇਸੇ ਕਾਰਨ ਮੈਂ ਤੁਹਾਡੇ ਘੋੜੇ ਦਾ ਮਾਰਗ-ਦਰਸ਼ਕ ਬਣਿਆ।"**

ਗੁਰੂਦੇਵ ਜੀ ਨੇ ਉਨ੍ਹਾਂ ਦੀ ਸੁੱਖ-ਸਾਂਦ ਪੁੱਛੀ। ਭਾਈ ਲਹਿਣਾ ਜੀ ਨੇ ਦੱਸਿਆ, **"ਮੈਂ ਖਡੂਰ ਨਗਰ ਦਾ ਇਕ ਛੋਟਾ ਜਿਹਾ ਦੁਕਾਨਦਾਰ ਹਾਂ, ਹਰ ਸਾਲ ਵੈਸ਼ਨੋ ਮਾਤਾ ਦੇ ਦਰਸ਼ਨਾਂ ਲਈ ਜੱਥਾ ਲੈ ਕੇ ਜਾਂਦਾ ਹਾਂ।** ਇਸ ਸਾਲ ਵੀ ਉੱਥੇ ਜਾ ਰਿਹਾ ਹਾਂ। ਮੇਰੇ ਸਾਥੀ ਸਰਾਂ ਵਿੱਚ ਠਹਿਰੇ ਹੋਏ ਹਨ। ਮੈਂ ਤੁਹਾਡੇ ਦਰਸ਼ਨਾਂ ਲਈ ਆਇਆ ਹਾਂ ਕਿਉਂਕਿ ਮੈਂ ਇਕ ਦਿਨ ਸਵੇਰੇ ਸਵੇਰੇ ਖੂਹ ਤੇ ਇਸ਼ਨਾਨ ਕਰਦਿਆਂ ਤੁਹਾਡੇ ਇਕ ਸਿੱਖ, **ਭਾਈ ਜੋਧਾ ਜੀ ਤੋਂ ਅਲਾਹੀ ਬਾਣੀ ਸੁਣੀ ਸੀ।** ਇਸ ਕਾਰਨ ਮੇਰਾ ਮਨ ਆਪ ਜੀ ਦੇ ਦਰਸ਼ਨਾਂ ਦੀ ਤਾਂਘ ਵਿੱਚ ਰਹਿੰਦਾ ਸੀ। ਅੱਜ ਮੌਕਾ ਮਿਲਦੇ ਹੀ ਪਹੁੰਚ ਗਿਆ ਹਾਂ।"

ਗੁਰੂਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਭੋਜਨ ਛਕ ਕੇ ਸ਼ਾਮ ਦੇ ਦੀਵਾਨ ਵਿੱਚ ਸ਼ਾਮਿਲ ਹੋਣ ਲਈ ਕਿਹਾ।

ਸ਼ਾਮ ਦੇ ਦੀਵਾਨ ਵਿੱਚ ਗੁਰੂਦੇਵ ਜੀ ਨੇ ਇਸ ਅਲਾਹੀ ਸ਼ਬਦ ਦਾ ਕੀਰਤਨ ਕੀਤਾ:-

"ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ।। ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ।।੬।।
ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ ।। ਮੇਰੇ ਠਾਕੁਰ ਹਾਥਿ ਵਡਾਈਆ ਭਾਈ ਜੈ ਭਾਵੈ ਤੈ ਦੇਇ ।।੭।।"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੬੩੭

ਭਾਵ ਸਮੂਹ ਵਿਸ਼ਵ ਦਾ ਕਰਤਾ ਇਕ ਪਾਰਬ੍ਰਹਮ ਪਰਮੇਸ਼ਵਰ ਹੀ ਹੈ। ਇਸ ਲਈ ਉਸ ਦੇ ਪੈਦਾ ਕੀਤੇ ਦੇਵੀ ਦੇਵਤਿਆਂ ਦੇ ਅੱਗੇ ਹੱਥ ਨਹੀਂ ਪਸਾਰਨੇ ਚਾਹੀਦੇ ਕਿਉਂਕਿ ਉਨ੍ਹਾਂ ਨੂੰ ਵੀ ਉਸ ਪ੍ਰਮੇਸ਼ਵਰ ਤੋਂ ਸ਼ਕਤੀ ਪ੍ਰਾਪਤ ਹੁੰਦੀ ਹੈ। ਅਧਿਆਤਮਿਕ ਸ਼ਕਤੀ ਪ੍ਰਾਪਤ ਕਰਨ ਲਈ ਉਸੇ ਪ੍ਰਭੂ ਦੀ ਹੀ ਅਰਾਧਨਾ ਕਰੋ ਜੋ ਸਭ ਦਾ ਮਾਲਕ ਅਤੇ ਪਾਲਕ ਹੈ।

"ਪਾਣੀ ਰਿੜਕਨ ਨਾਲ ਮੱਖਣ ਨਹੀਂ ਨਿਕਲਦਾ। ਗੁਰੂ ਤੋਂ ਬਿਨਾ ਗਿਆਨ ਪ੍ਰਾਪਤ ਨਹੀਂ ਹੋ ਸਕਦਾ।"

ਭਾਈ ਲਹਿਣਾ ਜੀ ਨੇ ਮਨ ਹੀ ਮਨ ਸੋਚਿਆ ਕਿ ਮੈਂ ਅੱਜ ਤੱਕ ਮਨ ਦੀ ਸ਼ਾਂਤੀ ਲਈ ਭਟਕਦਾ ਰਿਹਾ ਹਾਂ, ਮੇਰੀ ਸਾਰੀ ਮਿਹਨਤ ਵਿਅਰਥ ਚਲੀ ਗਈ ਹੈ। ਮੈਂ ਹੁਣ ਗੁਰੂ ਜੀ ਤੋਂ ਉਹ ਗਿਆਨ ਪ੍ਰਾਪਤ ਕਰਾਂਗਾ, ਜਿਸ ਨਾਲ ਮੈਂ ਆਪਣੀਆਂ ਇੱਛਾਵਾਂ ਤੇ ਕਾਬੂ ਪਾ ਕੇ ਨਿਸ਼ਕਾਮ ਸੇਵਕ ਬਣ ਜਾਵਾਂ।

ਕੀਰਤਨ ਦੀ ਸਮਾਪਤੀ ਤੇ ਭਾਈ ਲਹਿਣਾ ਜੀ ਨੇ ਉਸੇ ਵੇਲੇ ਕਿਹਾ, "ਗੁਰੂਜੀ, ਮੈਂ ਤਨ, ਮਨ, ਧਨ ਨਾਲ ਸੰਪੂਰਨ ਰੂਪ ਵਿੱਚ ਆਪ ਜੀ ਨੂੰ ਸਮਰਪਿਤ ਹੋ ਗਿਆ ਹਾਂ।"

**ਗੁਰੂਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਅਸੀਸ ਦਿੱਤੀ, "ਇੱਛਾ ਪੂਰੀ ਹੋਵੇ ! ਕਰਤਾਰ ਭਲੀ ਕਰੇਗਾ !"** ਨਾਲ ਹੀ ਇਹ ਅਲਾਹੀ ਬਚਨ ਉਚਾਰੇ:-

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੪੧੨

ਇਨ੍ਹਾਂ ਅਲਾਹੀ ਬਚਨਾਂ ਨੂੰ ਆਪਣੀ ਅੰਤਰ ਆਤਮਾ ਵਿੱਚ ਵਸਾਉਂਦੇ ਹੋਏ, ਭਾਈ ਲਹਿਣਾ ਜੀ ਨੇ ਦੂਜੇ ਦਿਨ ਆਪਣੇ ਸਾਥੀਆਂ ਨੂੰ ਇਹ ਕਹਿ ਕੇ ਅੱਗੇ ਤੋਰ ਦਿੱਤਾ ਕਿ ਉਹ ਆਪਣੀ ਯਾਤਰਾ ਤੇ ਚਲੇ ਜਾਣ। ਉਹ ਆਪ ਹੁਣ ਕਿਤੇ ਹੋਰ ਨਹੀਂ ਜਾਵੇਗਾ ਕਿਉਂਕਿ ਉਹ ਜਿਸ ਉਦੇਸ਼ ਨੂੰ ਲੈ ਕੇ ਘਰ ਤੋਂ ਚਲਿਆ ਸੀ। ਉਹ ਇੱਥੇ ਹੀ ਪੂਰਾ ਹੋ ਗਿਆ ਹੈ।



**ਭਾਈ ਲਹਿਣਾ ਜੀ ਪਹਿਲੀ ਵਾਰ ਸੇਵਕ ਦੇ ਰੂਪ ਵਿੱਚ ਗੁਰੂਦੇਵ ਜੀ ਦੇ ਸਨਮੁੱਖ ਹੋਏ**


## ਗੁਰੂ ਘਰ ਦੀ ਸੇਵਾ ਨੂੰ ਸਮਰਪਿਤ

ਭਾਈ ਲਹਿਣਾ ਜੀ ਦਾ ਅਧਿਆਮਿਕ ਅਤੇ ਨਿਸ਼ਕਾਮ ਸੇਵਾ ਦਾ ਸਫਰ ਉਸੇ ਦਿਨ ਤੋਂ ਆਰੰਭ ਹੋ ਗਿਆ।

ਕਰਤਾਰਪੁਰ ਵਿਖੇ ਗੁਰੂ ਚਰਣਾਂ ਵਿੱਚ ਕੁਝ ਦਿਨ ਸੇਵਾ ਕਰਨ ਉਪ੍ਰੰਤ, ਭਾਈ ਲਹਿਣਾ ਜੀ ਗੁਰੁਦੇਵ ਜੀ ਤੋਂ ਆਗਿਆ ਲੈ ਕੇ ਆਪਣੇ ਪਿੰਡ ਖਡੂਰ ਚਲੇ ਗਏ।


## ਖਡੂਰ ਤੋਂ ਵਾਪਸ ਆਉਣਾ

ਥੋੜ੍ਹੇ ਦਿਨਾਂ ਪਿੱਛੋਂ ਭਾਈ ਲਹਿਣਾ ਜੀ ਆਪਣੇ ਨਗਰ ਖਡੂਰ ਤੋਂ ਵਾਪਸ ਆਉਂਦਿਆਂ ਖੇਤਾਂ ਵਿੱਚ ਹੀ ਗੁਰੁਦੇਵ ਜੀ ਨੂੰ ਮਿਲ ਪਏ। ਗੁਰੁਦੇਵ ਜੀ ਨੇ ਉਨ੍ਹਾਂ ਤੋਂ ਰਾਜ਼ੀ ਖੁਸ਼ੀ ਪੁੱਛੀ। ਲਹਿਣਾ ਜੀ ਨੇ, ਘਾਹ (ਧਾਨ ਦੇ ਖੇਤ ਵਿੱਚੋਂ ਪੁੱਟਿਆ ਹੋਇਆ) ਦੀ ਪੰਡ ਜੋ ਗੁਰੂ ਜੀ ਚੁੱਕਣ ਹੀ ਵਾਲੇ ਸਨ, ਆਪ ਚੁੱਕ ਲਈ, ਜਿਸ ਵਿੱਚੋਂ ਗੰਧਲਾ ਪਾਣੀ ਟਪਕ ਰਿਹਾ ਸੀ। ਘਰ ਤੱਕ ਪਹੁੰਚਦੇ ਲਹਿਣਾ ਜੀ ਦੇ ਬਸਤਰ ਘਾਹ ਵਿੱਚੋਂ ਟਪਕਦੇ ਚਿੱਕੜ ਨਾਲ ਭਰ ਗਏ।



**ਮਾਤਾ ਸੁਲੱਖਣੀ ਜੀ** ਨੇ ਦੇਖਿਆ ਤਾਂ ਉਨ੍ਹਾਂ ਕਿਹਾ, "ਹੁਣੇ-ਹੁਣੇ ਆਏ ਸ਼ਰਧਾਲੂ ਦੇ ਸਾਫ ਸੁਥਰੇ ਬਸਤਰ ਕਿਵੇਂ ਚਿੱਕੜ ਨਾਲ ਲੱਥ ਪੱਥ ਹੋ ਗਏ ਹਨ।" ਗੁਰੁਦੇਵ ਜੀ ਨੇ ਕਿਹਾ, **"ਧਿਆਨ ਨਾਲ ਵੇਖੋ, ਇਹ ਘਾਹ ਦੀ ਪੰਡ ਨਹੀਂ ਤ੍ਰਿਲੋਕੀ ਦਾ ਛਤਰ ਹੈ। ਇਹ ਚਿੱਕੜ ਨਹੀਂ, ਕੇਸਰ ਦੇ ਛਿੱਟੇ ਹਨ।"**

ਭਾਈ ਲਹਿਣਾ ਜੀ ਇਸ ਵਰਤਾਰੇ ਨੂੰ ਅਣ ਗੌਲਿਆਂ ਕਰਕੇ ਚੁੱਕਿਆ ਹੋਇਆ ਘਾਹ ਪਸ਼ੂਆਂ ਅੱਗੇ ਪਾ ਕੇ ਗੁਰੂ ਘਰ ਦੀ ਸੇਵਾ ਵਿੱਚ ਜੁੱਟ ਗਏ।



ਗੁਰੂਦੇਵ ਜੀ ਭਾਈ ਲਹਿਣਾ ਜੀ ਨੂੰ ਪਸ਼ੂਆਂ ਦੀ ਸੰਭਾਲ ਦੀ ਸੇਵਾ ਲਾਉਂਦਿਆਂ

## ਗੁਰੂਦੇਵ ਜੀ ਦੀ ਬੰਦ ਮੁੱਠੀ ਦਾ ਭੇਦ

ਸ੍ਰੀ ਗੁਰੂ ਨਾਨਕ ਦੇਵ ਜੀ ਇਕ ਦਿਨ ਸਤਿਸੰਗ ਦੀ ਸਮਾਪਤੀ ਉਪ੍ਰੰਤ ਆਪਣੀ ਮੁੱਠੀ ਬੰਦ ਕਰਕੇ ਬੈਠ ਗਏ ਅਤੇ ਵਾਰੀ – ਵਾਰੀ ਪੁੱਛਣ ਲੱਗੇ, "ਬੇਟਾ ਸ੍ਰੀ ਚੰਦ, ਦੱਸੋ ਖਾਂ ਮੇਰੀ ਮੁੱਠੀ ਵਿੱਚ ਕੀ ਹੈ?" ਸ੍ਰੀ ਚੰਦ ਜੀ:– "ਪਿਤਾ ਜੀ ਤੁਹਾਡੀ ਮੁੱਠੀ ਵਿੱਚ ਇਕ ਦਮੜਾ (ਰੁਪੈਆ) ਹੈ।" ਗੁਰੂਦੇਵ ਜੀ ਨੇ ਲਖਮੀ ਦਾਸ ਤੋਂ ਪੁੱਛਿਆ ਤਾਂ ਉਨ੍ਹਾਂ ਨੇ ਵੀ ਕਿਹਾ, ਤੁਹਾਡੀ ਮੁੱਠੀ ਵਿੱਚ ਇਕ ਸਿੱਕਾ ਹੀ ਮਾਲੂਮ ਹੁੰਦਾ ਹੈ। ਫਿਰ ਸੇਵਕਾਂ ਵੱਲ ਇਸ਼ਾਰਾ ਹੋਇਆ। ਵਾਰੀ – ਵਾਰੀ ਉਹ ਵੀ ਦੱਸਣ ਲੱਗੇ।

ਜਦੋਂ ਆਪ ਜੀ ਨੇ ਭਾਈ ਲਹਿਣਾ ਜੀ ਨੂੰ ਇਸ਼ਾਰਾ ਕੀਤਾ ਤਾਂ ਉਨ੍ਹਾਂ ਨੇ ਨਿਮਰਤਾ-ਪੂਰਵਕ ਕਿਹਾ, "ਹੇ ਗੁਰੁਦੇਵ ਜੀ! **ਤੁਹਾਡੀ ਮੁੱਠੀ ਵਿੱਚ ਸਮੁੱਚੇ ਵਿਸ਼ਵ ਦੀਆਂ ਬਰਕਤਾਂ ਹਨ। ਜੇ ਇਹ ਮੁੱਠੀ ਕਿਸੇ ਲਈ ਖੁੱਲ੍ਹ ਜਾਏ ਤਾਂ ਉਸ ਨੂੰ ਬ੍ਰਹਮ ਗਿਆਨ ਪ੍ਰਾਪਤ ਹੋ ਜਾਵੇਗਾ।** ਇਹ ਸੁਣ ਕੇ ਗੁਰੁਦੇਵ ਜੀ ਅਤੀ ਸੰਤੁਸ਼ਟ ਹੋਏ।



**ਗੁਰੂਦੇਵ ਜੀ ਬੰਦ ਮੁੱਠੀ ਬਾਰੇ ਪੁੱਛਦੇ ਹੋਏ**



**ਬਾਬਾ ਲਹਿਣਾ ਜੀ ਨਿਰੰਤਰ ਗੁਰੂ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਹਰ ਕੰਮ ਵਿੱਚ ਸਹਾਈ ਹੋਇਆ ਕਰਦੇ**

**ਗੁਰੂਦੇਵ ਜੀ ਨਾਲ ਭਾਈ ਲਹਿਣਾ ਜੀ ਕਰਤਾਰਪੁਰ ਵਿਖੇ ਖੇਤਾਂ ਵਿੱਚ, 'ਕਾਰ' ਕਰਦਿਆਂ**

## ਰਾਤ ਨੂੰ ਸਮਾਂ ਦਸਣ ਦਾ ਰਹਿਸ

ਸ੍ਰੀ ਗੁਰੁ ਨਾਨਕ ਦੇਵ ਜੀ ਨੇ ਇਕ ਰਾਤ ਆਪਣੇ ਬੇਟੇ ਸ੍ਰੀ ਚੰਦ ਨੂੰ ਪੁੱਛਿਆ, "ਬੇਟਾ ਦੇਖਣਾ, ਰਾਤ ਕਿੰਨੀ ਕੁ ਬੀਤ ਗਈ ਹੈ ਅਤੇ ਕਿੰਨੀ ਬਾਕੀ ਹੈ।" ਸ੍ਰੀ ਚੰਦ ਜੀ ਉੱਠੇ, ਉਨ੍ਹਾਂ ਨੇ ਤਾਰਾ ਮੰਡਲ ਤੋਂ ਅਨੁਮਾਨ ਲਾ ਕੇ ਦੱਸਿਆ ਕਿ ਠੀਕ ਅੱਧੀ ਰਾਤ ਦਾ ਸਮਾਂ ਹੈ। ਗੁਰੁਦੇਵ ਜੀ ਨੇ ਲਖਮੀ ਦਾਸ ਨੂੰ ਪੁੱਛਿਆ, "ਬੇਟਾ ਤੁਸੀਂ ਵੀ ਸਮੇਂ ਦਾ ਠੀਕ-ਠੀਕ ਅਨੁਮਾਨ ਲਗਾਓ।" ਉਹ ਵੀ ਤਾਰਾ ਮੰਡਲ ਦੇ ਆਧਾਰ ਤੇ ਇਹੀ ਅਨੁਮਾਨ ਲਾ ਸਕੇ ਕਿ ਅੱਧੀ ਰਾਤ ਹੀ ਬਾਕੀ ਹੈ ਬਾਬਾ ਬੁੱਢਾ ਜੀ ਉੱਠੇ, ਉਨ੍ਹਾਂ ਨੇ ਅਨੁਮਾਨ ਲਗਾਇਆ ਤੇ ਕਿਹਾ, "ਹੇ ਗੁਰੁਦੇਵ ਜੀ! ਰਾਤ ਤਾਂ ਅੱਧੀ ਹੀ ਬਤੀਤ ਹੋਈ ਹੈ ਅਤੇ ਅੱਧੀ ਬਾਕੀ ਹੈ।" ਗੁਰੁਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਇਸ਼ਾਰਾ ਕੀਤਾ ਤਾਂ ਉਨ੍ਹਾਂ ਨੇ ਹੱਥ ਜੋੜ ਕੇ ਨਿਮਰਤਾ ਪੂਰਵਕ ਕਿਹਾ, "ਹੇ ਗੁਰੁਦੇਵ ਜੀ! ਉਸ ਪ੍ਰਭੂ ਦੀ ਲੀਲਾ ਅਨੁਸਾਰ ਇਸ ਨਾਸ਼ਮਾਨ ਜਗਤ ਦਾ ਅੱਧਾ ਕੁ ਹਨੇਰਾ ਖਤਮ ਹੋ ਗਿਆ ਹੈ ਅਤੇ ਕੁਝ ਕੁ ਬਾਕੀ ਹੈ।" (ਭਾਵ ਮਨੁੱਖਾ ਜੀਵਨ ਦਾ ਹਨੇਰਾ ਮੁੱਕ ਗਿਆ ਹੈ ਅਤੇ ਕੁਝ ਕੁ ਰਹਿੰਦਾ ਹੈ।) ਗੁਰੁਦੇਵ ਜੀ ਲਹਿਣਾ ਜੀ ਦੀ ਅਧਿਆਤਮਿਕ ਰਮਜ਼ ਨੂੰ ਜਾਣ ਕੇ ਸੰਤੁਸ਼ਟ ਹੋ ਗਏ।

## ਰਾਤ ਨੂੰ ਗੁਰੂਦੇਵ ਜੀ ਦੇ ਬਸਤਰ ਧੋਣਾ

ਸ੍ਰੀ ਗੁਰੁ ਨਾਨਕ ਦੇਵ ਜੀ ਇਕ ਰਾਤ ਨੂੰ ਆਪਣੇ ਆਸਨ ਤੇ ਜਾਣ ਲੱਗੇ ਤਾਂ ਉਨ੍ਹਾਂ ਨੇ ਬੇਟੇ ਸ੍ਰੀ ਚੰਦ ਨੂੰ ਸੱਦ ਕੇ ਕਿਹਾ, **"ਬੇਟਾ, ਮੇਰੇ ਬਸਤਰ ਗੰਦੇ ਹੋ ਗਏ ਹਨ, ਹੁਣੇ ਧੋ ਦਿਓ** ਤਾਂ ਕਿ ਸਵੇਰੇ ਸਤਿਸੰਗ ਦੇ ਸਮੇਂ ਪਾਏ ਜਾ ਸੱਕਣ।" ਸ੍ਰੀ ਚੰਦ ਨੇ ਜਵਾਬ ਦਿੱਤਾ, "ਪਿਤਾ ਜੀ ਤੁਸੀਂ ਚਿੰਤਾ ਨਾ ਕਰੋ ਸਵੇਰੇ ਧੁਆ ਲਵਾਂਗੇ। ਗੁਰੁਦੇਵ ਜੀ ਨੇ ਛੋਟੇ ਬੇਟੇ, ਲਖਮੀ ਦਾਸ ਨੂੰ ਆਦੇਸ਼ ਦਿੱਤਾ, **"ਬੇਟਾ ਮੇਰੇ ਕੱਪੜੇ ਹੁਣੇ ਧੋ ਲਿਆਓ।"** ਉਨ੍ਹਾਂ ਨੇ ਵੀ ਕਿਹਾ, "ਪਿਤਾ ਜੀ, ਇਸ ਸਮੇਂ ਕੱਪੜੇ ਧੋਣਾ ਠੀਕ ਨਹੀਂ ਹੈ, ਅਜੇ ਰਾਤ ਹੈ।

**ਇਸ਼ਾਰਾ ਹੁੰਦਿਆਂ ਹੀ ਭਾਈ ਲਹਿਣਾ ਜੀ ਨੇ ਕੱਪੜੇ ਫੜੇ ਅਤੇ ਰਾਵੀ ਨਦੀ ਤੇ ਜਾ ਕੇ, ਧੋ ਕੇ, ਰੇਤਾ ਉੱਤੇ ਸੁੱਕਣੇ ਪਾ ਦਿੱਤੇ।** ਗਰਮੀ ਕਾਰਨ ਹਲਕੀ ਹਲਕੀ ਚਲਦੀ ਹਵਾ ਦੇ ਬੁੱਲਿਆਂ ਨਾਲ ਸੁਕਾ ਕੇ ਗੁਰੁਦੇਵ ਜੀ ਦੇ ਸਿਰਹਾਣੇ ਰੱਖ ਦਿੱਤੇ। ਲਹਿਣੇ ਦੀ ਤੁਰੰਤ ਸੇਵਾ ਭਾਵਨਾ ਵੇਖ ਕੇ ਗੁਰੁਦੇਵ ਜੀ ਗਦ-ਗਦ ਹੋ ਉੱਠੇ।


ਭਾਈ ਲਹਿਣਾ ਜੀ, ਗੁਰੂ ਜੀ ਦੇ ਬਸਤਰ ਧੋਂਦਿਆਂ

## ਗੁਰੂਦੇਵ ਜੀ ਦੇ ਬਸਤਰਾਂ ਨੂੰ ਮੀਂਹ ਤੋਂ ਬਚਾਉਣਾ

ਇਕ ਦਿਨ ਅੰਮ੍ਰਿਤ ਵੇਲੇ ਰਾਵੀ ਨਦੀ ਤੇ ਇਸ਼ਨਾਨ ਕਰਦੇ ਸਮੇਂ, ਭਾਈ ਲਹਿਣਾ ਜੀ ਗੁਰੁਦੇਵ ਜੀ ਦੇ ਕੱਪੜਿਆਂ ਦੇ ਕੋਲ ਬੈਠ ਗਏ। ਬੱਦਲਵਾਈ ਹੋਣ ਕਰਕੇ ਮੀਂਹ ਅਤੇ ਗੜੇ (ਓਲੇ) ਪੈਣੇ ਸ਼ੁਰੂ ਹੋ ਗਏ। ਸਭ ਸੇਵਕ ਭਿੱਜਣ ਤੋਂ ਬਚਣ ਲਈ ਰੁੱਖਾਂ ਹੇਠ ਜਾ ਖਲੋਤੇ। ਪਰ ਭਾਈ ਲਹਿਣਾ ਜੀ ਨੇ ਗੁਰੁਦੇਵ ਜੀ ਦੇ ਕੱਪੜੇ ਇਕੱਠੇ ਕਰਕੇ ਆਪਣੇ ਸੀਨੇ ਨਾਲ ਲਾ ਲਏ ਅਤੇ ਝੁਕ ਕੇ ਬੈਠ ਗਏ। ਇਸ ਤਰਾਂ ਗੁਰੁ ਜੀ ਦੇ ਕੱਪੜੇ ਭਿੱਜਣ ਤੋਂ ਬਚਗਏ


ਭਾਈ ਲਹਿਣਾ ਜੀ, ਗੁਰੁਦੇਵ ਜੀ ਦੇ ਕੱਪੜੇ ਭਿੱਜਣ ਤੋਂ ਬਚਾਉਂਦਿਆਂ

**ਮਰੇ ਚੂਹੇ ਨੂੰ ਲੱਭਣਾ:** ਇਕ ਦਿਨ ਗੁਰੂ ਜੀ ਨੇ ਨੇੜੇ ਬੈਠੇ ਆਪਣੇ ਬੇਟਿਆਂ ਨੂੰ ਕਿਹਾ, "ਦੇਖੋ ਲੰਗਰ ਵਿੱਚ ਬਦਬੋ ਕਿੱਥੋਂ ਆ ਰਹੀ ਹੈ।" ਦੋਹਾਂ ਬੇਟਿਆਂ ਨੇ ਅੱਗੇ ਸੇਵਕਾਂ ਨੂੰ ਕਹਿ ਦਿੱਤਾ, "ਜਲਦੀ ਲੱਭੋ, ਬਦਬੋ ਕਿੱਥੋਂ ਆ ਰਹੀ ਹੈ?" ਸੇਵਕਾਂ ਨੇ ਦਸਇਆ ਕਿ ਭੜੋਲੀ (ਮਿੱਟੀ ਦਾ ਮੱਟ) ਦੇ ਹੇਠਾਂ ਚੂਹਾ ਮਰਿਆ ਪਿਆ ਹੈ। ਜਿਉਂ ਹੀ ਭਾਈ ਲਹਿਣਾ ਜੀ ਨੂੰ ਇਸ ਗੱਲ ਦਾ ਪਤਾ ਲੱਗਾ। ਉਨ੍ਹਾਂ ਨੇ ਝੱਟ ਪੱਟ ਮਰਿਆ ਚੂਹਾ ਲਭ ਕੇ ਬਾਹਰ ਜਾ ਦਬਾਇਆ। ਇਸ ਤਰ੍ਹਾਂ ਬਦਬੋ ਖਤਮ ਹੋ ਗਈ। ਇਹ ਵੇਖ ਕੇ ਗੁਰੁਦੇਵ ਜੀ ਬਹੁਤ ਖੁਸ਼ ਹੋਏ। ਉਨ੍ਹਾਂ ਨੇ ਆਪਣੇ ਪ੍ਰਵਚਨਾਂ ਵਿੱਚ ਕਿਹਾ, "ਸੇਵਕ ਉਹੀ ਹੈ ਜੋ ਇਸ਼ਾਰਾ ਹੋਣ ਦੀ ਉਡੀਕ ਨਾ ਕਰਦਿਆਂ ਹੋਇਆ ਵੀ ਸੇਵਾ ਲਈ ਤਤਪਰ ਰਹੇ।"


Big drum (ਭੜੋਲੀ) made of mud

## ਧਰਮਸਾਲਾ ਦੀ ਢੱਠੀ ਕੰਧ ਉਸਾਰਨਾ

ਬਰਸਾਤੀ ਮੌਸਮ ਵਿੱਚ ਰਾਤ ਵੇਲੇ ਮੀਂਹ ਪੈਣ ਕਰਕੇ ਕਰਤਾਰ ਪੁਰ ਦੀ ਧਰਮਸਾਲਾ ਦੀ ਕੱਚੀ ਕੰਧ ਇਕ ਪਾਸਿਉਂ ਡਿੱਗੀ ਵੇਖ ਕੇ ਗੁਰੂ ਜੀ ਨੇ ਆਪਣੇ ਵੱਡੇ ਪੁੱਤਰ, ਸ੍ਰੀ ਚੰਦ ਨੂੰ ਆਦੇਸ਼ ਦਿੱਤਾ, "ਬੇਟਾ! ਇਹ ਕੰਧ ਉਸਾਰਨ ਦਾ ਜਲਦੀ ਯਤਨ ਕਰੋ।" ਸ੍ਰੀ ਚੰਦ ਨੇ ਕਿਹਾ, "ਪਿਤਾ ਜੀ! ਅਜੇ ਰਾਤ ਹੈ, ਅਤੇ ਕਿਣ ਮਿਣ ਵੀ ਹੋ ਰਹੀ ਹੈ। ਇਸ ਵੇਲੇ ਕੰਧ ਤਿਆਰ ਕਰਨੀ ਮੁਸ਼ਕਿਲ ਹੈ।" ਗੁਰੂਦੇਵ ਜੀ ਨੇ ਲਖਮੀ ਦਾਸ ਨੂੰ ਕਿਹਾ ਕਿ ਬੇਟਾ ਜਿਵੇਂ ਵੀ ਹੋਵੇ, ਕੰਧ ਹੁਣੇ ਹੀ ਬਣਾਓ। ਉਸ ਨੇ ਕਿਹਾ, "ਪਿਤਾ ਜੀ, ਵੀਰ ਜੀ ਠੀਕ ਹੀ ਕਹਿ ਰਹੇ ਹਨ। ਦਿਨ ਵੇਲੇ ਹੀ ਕੁਝ ਕੀਤਾ ਜਾ ਸਕਦਾ ਹੈ।" ਗੁਰੂਦੇਵ ਜੀ ਨੇ ਭਾਈ ਬੁੱਢਾ ਜੀ ਨੂੰ ਇਸ਼ਾਰਾ ਕੀਤਾ, "ਬੇਟਾ ਤੁਸੀਂ ਇਹ ਕੰਧ ਹੁਣੇ ਬਨਾਉਣੀ ਸ਼ੁਰੂ ਕਰ ਦਿਓ।" ਉਨ੍ਹਾਂ ਨੇ ਵੀ ਕਿਹਾ, ਗੁਰੂਦੇਵ ਜੀ, ਇਸ ਵੇਲੇ ਕੱਚਾ ਤੇ ਗਾਰਾ ਟਿਕੇਗਾ ਨਹੀਂ, ਮਿਹਨਤ ਵਿਅਰਥ ਜਾਏਗੀ। ਸਵੇਰ ਵੇਲੇ ਹੀ ਬਣੇਗੀ।"

**ਭਾਈ ਲਹਿਣਾ ਜੀ ਨੇ ਇਸ਼ਾਰਾ ਹੁੰਦਿਆਂ ਹੀ ਕੰਧ ਬਣਾਉਣੀ ਸ਼ੁਰੂ ਕਰ ਦਿੱਤੀ।** ਕਿਣ ਮਿਣ ਵੀ ਮੱਠੀ ਪੈ ਗਈ, ਸਵੇਰ ਹੋਣ ਤੱਕ ਢੱਠੀ ਹੋਈ ਕੰਧ ਬਣਾ ਦਿੱਤੀ। ਸੰਗਤ ਨੇ ਬਾਬਾ ਲਹਿਣਾ ਜੀ ਨੂੰ ਸਤਿਕਾਰ ਭਰੀਆਂ ਨਜ਼ਰਾਂ ਨਾਲ ਤੱਕਿਆ।

ਗੁਰੂ ਜੀ ਨੇ ਸੰਗਤ ਵਿੱਚ ਪ੍ਰਵਚਨ ਕਰਦੇ ਹੋਏ ਕਿਹਾ, **"ਸੱਚਾ ਸਿੱਖ ਉਹੀ ਹੈ ਜੋ ਆਦੇਸ਼ ਹੁੰਦਿਆਂ ਹੀ ਗੁਰੂ ਦੇ ਹੁਕਮਾਂ ਦੀ ਹਰ ਹਾਲ ਵਿੱਚ ਪਾਲਨਾ ਕਰਨ ਲਈ ਜੁੱਟ ਜਾਵੇ।"**

**ਅੰਬ ਤੇ ਚੜ੍ਹਨਾ :** ਇਕ ਦਿਨ ਭਾਰੀ ਮੀਂਹ ਪੈਣ ਕਰਕੇ ਲੱਕੜੀਆਂ ਗਿੱਲੀਆਂ ਹੋ ਗਈਆਂ ਰਾਤ ਦਾ ਲੰਗਰ ਤਿਆਰ ਨਾ ਹੋ ਸਕਿਆ। ਇਸ ਲਈ ਸੰਗਤ ਨੂੰ ਰਾਤ ਨੂੰ ਭੁੱਖੇ ਹੀ ਸੌਣਾ ਪਿਆ। ਦਿਨ ਚੜ੍ਹਿਆ, ਮੀਂਹ ਰੁਕਿਆ, ਭੋਜਨ ਦਾ ਪ੍ਰਬੰਧ ਹੋਣ ਲੱਗਾ। ਲੱਕੜੀਆਂ ਗਿਲੀਆਂ ਹੋਣ ਕਰਕੇ ਅਜੇ ਸਮਾਂ ਲੱਗਣਾ ਸੀ। ਗੁਰੂ ਜੀ ਨੇ ਆਪਣੇ ਵੱਡੇ ਬੇਟੇ ਨੂੰ ਆਦੇਸ਼ ਦਿੱਤਾ, "ਬੇਟਾ ਸ੍ਰੀਚੰਦ, ਕੁਝ ਖਾਣ ਦਾ ਪ੍ਰਬੰਧ ਕਰੋ।" ਸ੍ਰੀਚੰਦ ਨੇ ਕਿਹਾ, "ਪਿਤਾ ਜੀ, ਲੰਗਰ ਤਿਆਰ ਹੋ ਰਿਹਾ ਹੈ। ਪਰ ਸਮਾਂ ਲੱਗੇਗਾ। ਗੁਰੂ ਜੀ ਦਾ ਛੋਟਾ ਬੇਟਾ ਲਖਮੀਚੰਦ ਵੀ ਗੱਲ ਟਾਲ ਗਿਆ।

ਭਾਈ ਲਹਿਣਾ ਜੀ ਝੱਟ ਸਾਹਮਣੇ ਵਾਲੇ ਅੰਬ ਦੇ ਦਰਖੱਤ ਤੇਚੜ੍ਹ ਗਏ। ਉੱਪਰ ਚੜ੍ਹ ਕੇ ਟਾਹਣੀਆਂ ਨੂੰ ਜ਼ੋਰ ਨਾਲ ਹਿਲਾਇਆ ਤਾਂ ਪੱਕੇ ਅੰਬ ਡਿੱਗਣ ਲੱਗੇ। ਸਾਰੀ ਸੰਗਤ ਨੇ ਅੰਮ੍ਰਿਤ ਵਰਗੇ ਮਿੱਠੇ ਅੰਬ ਚੂਸ ਕੇ ਆਪਣੀ ਉਦਰ ਪੂਰਤੀ ਕਰ ਲਈ। ਇਸ ਤੇ ਗੁਰੂ ਜੀ ਬਾਬਾ ਲਹਿਣਾ ਜੀ ਚੁਸਤੀ ਫੁਰਤੀ ਵੇਖ ਕੇ ਅਤੀ ਪ੍ਰਸੰਨ ਹੋਏ।



ਇਹ ਅੰਬ ਦਾ ਪੇੜ ਅੱਜ ਵੀ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਦਰਬਾਰ ਹਾਲ ਦੇ ਕੋਲ ਸੁਸ਼ੋਭਤ ਹੈ

**ਖੱਡੇ (ਟੋਏ) ਵਿਚੋਂ ਗੜਵਾ ਕੱਢਣਾ :** ਇਕ ਦਿਨ ਖੇਤਾਂ ਵੱਲ ਨੂੰ ਜਾਂਦਿਆਂ ਗੁਰੂ ਜੀ ਕੋਲੋਂ ਗੜਵਾ ਹੱਥੋਂ ਛੁੱਟ ਕੇ ਇਕ ਡੂੰਘੇ ਟੋਏ ਵਿੱਚ ਜਾ ਡਿੱਗਾ। ਆਪ ਜੀ ਨੇ ਸ੍ਰੀਚੰਦ ਨੂੰ ਗੜਵਾ ਕਢਣ ਲਈ ਕਿਹਾ। ਉਸ ਨੇ ਕਿਹਾ "ਪਿਤਾ ਜੀ, ਇਕ ਗੜਵਾ ਹੀ ਤਾਂ ਹੈ ਹੋਰ ਆ ਜਾਵੇਗਾ!"



ਗੁਰੂ ਜੀ ਨੇ ਲਖਮੀਚੰਦ ਨੂੰ ਗੜਵਾ ਕਢਣ ਲਈ ਕਿਹਾ। ਉਸਨੇ ਝੱਟ ਕਹਿ ਦਿੱਤਾ, "ਪਿਤਾ ਜੀ! ਵੱਡੇ ਭਰਾ ਜੀ ਠੀਕ ਹੀ ਕਹਿ ਰਹੇ ਹਨ।"

ਗੁਰੂ ਜੀ ਨੇ ਭਾਈ ਬੁੱਢਾ ਜੀ ਨੂੰ ਵੀ ਗੜਵਾ ਕਢਣ ਲਈ ਆਖਿਆ। ਉਨ੍ਹਾਂ ਨੇ ਕਿਹਾ, "ਗੁਰੂ ਜੀ, ਆਪ ਜੀ ਧਰਮਸਾਲਾ ਵਿੱਚ ਜਾਉ ਮੈਂ ਗੜਵਾ ਕੱਢਵਾ ਕੇ ਲੈ ਆਉਂਦਾ ਹਾਂ।"

**ਭਾਈ ਲਹਿਣਾ ਜੀ ਪਹਿਲਾਂ ਹੀ ਗੜਵਾ** ਕੱਢਣ **ਲਈ ਬੇਨਤੀ ਕਰ ਰਹੇ ਸਨ। ਸੋ ਇਸ਼ਾਰਾ ਹੁੰਦਿਆਂ ਹੀ ਉਨ੍ਹਾਂ ਖੱਡੇ ਵਿੱਚ ਛਾਲ ਮਾਰੀ ਅਤੇ ਗੜਵਾ ਕੱਢ ਕੇ ਪਾਣੀ ਨਾਲ ਧੋ ਮਾਂਜ ਕੇ ਗੁਰੂਦੇਵ ਜੀ ਦੇ ਸਨਮੁੱਖ ਕਰ ਦਿੱਤਾ।**



ਭਾਈ ਲਹਿਣਾ ਜੀ ਗੜਵਾ ਧੋਂਦਿਆਂ।

ਭਾਵੇਂ ਉਨ੍ਹਾਂ ਦੇ ਕੱਪੜੇ ਚਿੱਕੜ ਨਾਲ ਲਿੱਬੜ ਗਏ ਪਰ ਉਨ੍ਹਾਂ ਨੇ ਗੁਰੂਦੇਵ ਜੀ ਦੀ ਮਨਸ਼ਾ ਪੂਰੀ ਕਰਨ ਵਿੱਚ ਢਿੱਲ ਨਹੀਂ ਵਿਖਾਈ।

ਗੁਰੂਦੇਵ ਜੀ ਨੇ ਲਹਿਣਾ ਜੀ ਨੂੰ ਸ਼ਾਬਾਸ ਦਿੱਤੀ ਅਤੇ ਸਾਰੀ ਸੰਗਤ ਨੂੰ ਸੰਬੋਧਨ ਹੋ ਕੇ ਕਿਹਾ, **"ਗੱਲ ਗੜਵੇ ਦੀ ਨਹੀਂ, ਗੱਲ ਤਾਂ ਆਗਿਆ ਪਾਲਣ ਕਰਨ ਦੀ ਹੁੰਦੀ ਹੈ।"**

### ਸ਼ਮਸ਼ਾਨ ਘਾਟ ਵਿੱਚ ਜਾਣਾ

ਸਮਾਂ ਪਾ ਕੇ ਇਕ ਦਿਨ ਗੁਰੂਦੇਵ ਜੀ ਨੇ ਸ਼ਮਸ਼ਾਨ-ਘਾਟ ਵਿੱਚ ਇਕ ਵੱਡੀ ਕੜਾਹੀ ਵਿੱਚ ਹਲਵਾ (**ਪ੍ਰਸ਼ਾਦ**) ਤਿਆਰ ਕਰਵਾ ਕੇ ਉਸ ਕੜਾਹੀ ਦੇ ਚਾਰੇ ਪਾਸੇ ਲੱਕੜੀਆਂ, ਬਾਂਸ ਅਤੇ ਘਾਹ-ਫੂਸ ਇਸ ਤਰੀਕੇ ਨਾਲ ਜੋੜਿਆ ਕਿ ਉਹ ਚਾਦਰ ਨਾਲ ਢੱਕ ਦੇਣ ਉਪ੍ਰੰਤ ਇਕ ਲਾਸ਼ (ਮੁਰਦਾ) ਦਿਖਾਈ ਦੇਵੇ।

ਆਪ ਜੀ ਨੇ ਵਾਪਸ ਧਰਮਸਾਲਾ ਵਿੱਚ ਆ ਕੇ ਵੈਰਾਗੀਆਂ ਵਾਲੇ ਕੱਪੜੇ ਪਾ ਲਏ। ਸੰਗਤ ਦੇ ਆਉਣ ਤੱਕ ਗਲ ਵਿੱਚ ਚਾਂਦੀ ਦੇ ਸਿੱਕਿਆਂ ਦੀਆਂ ਮਾਲਾ ਲਟਕਾ ਕੇ ਇਕ ਹੱਥ ਵਿੱਚ ਮੋਟੀ ਜਿਹੀ ਡਾਂਗ ਅਤੇ ਦੂਜੇ ਹੱਥ ਵਿੱਚ ਕੁੱਤੇ ਦੀ ਰੱਸੀ ਫੜ ਕੇ ਬਿਨਾਂ ਕੁਝ ਦੱਸੇ ਨਗਰ ਦੇ ਬਾਹਰ ਸ਼ਮਸ਼ਾਨ-ਘਾਟ ਵੱਲ ਨੂੰ ਚੱਲ ਪਏ। ਇਹ ਵੇਖ ਕੇ ਉਨ੍ਹਾਂ ਦੇ ਪੁੱਤਰ ਅਤੇ ਸਾਰੀ ਸੰਗਤ ਉਨ੍ਹਾਂ ਦੇ ਪਿੱਛੇ-ਪਿੱਛੇ ਹੋ ਤੁਰੀ। ਪਰ ਗੁਰੂਦੇਵ ਜੀ ਨੇ ਉਨ੍ਹਾਂ ਨੂੰ ਝਿੜਕ ਕੇ ਵਾਪਸ ਭਜਾ ਦਿੱਤਾ। ਕੁਝ ਸੇਵਕ ਡਟ ਗਏ ਅਤੇ ਵਾਪਸ ਨਹੀਂ ਗਏ। ਤਦ ਗੁਰੂਦੇਵ ਜੀ ਨੇ ਉਨ੍ਹਾਂ ਉੱਪਰ ਚਾਂਦੀ ਤੇ ਸੋਨੇ ਦੇ ਸਿੱਕੇ ਸੁੱਟੇ। ਵਧੇਰੇ ਸੰਗਤ, ਪੈਸੇ ਲੈ ਕੇ ਵਾਪਸ ਚਲੀ ਗਈ। ਪਰ ਨੇੜਲੇ ਸੇਵਕ ਅਤੇ ਉਨ੍ਹਾਂ ਦੇ ਸਪੁੱਤਰ, ਅਜੇ ਵੀ ਉਨ੍ਹਾਂ ਦੇ ਪਿੱਛੇ-ਪਿੱਛੇ ਤੁਰਦੇ ਰਹੇ।

ਹੁਣ ਗੁਰੁਦੇਵ ਜੀ ਨੇ ਕੁੱਤੇ ਨੂੰ ਖੁੱਲ੍ਹਾ ਛੱਡ ਦਿੱਤਾ। ਕੁੱਤੇ ਦੇ ਵੱਢੇ ਜਾਣ ਦੇ ਡਰ ਤੋਂ ਕੁਝ ਸੇਵਕ ਅਤੇ ਦੋਵੇਂ ਪੁੱਤਰ ਵੀ ਵਾਪਸ ਪਰਤ ਗਏ ਅਤੇ ਸੋਚਣ ਲੱਗੇ, ਪਤਾ ਨਹੀਂ ਅੱਜ ਗੁਰੂ ਪਿਤਾ ਜੀ ਵਡੇਰੀ ਉਮਰ ਹੋ ਜਾਣ ਕਰਕੇ ਮਾਨਸਿਕ ਸੰਤੁਲਨ ਤਾਂ ਨਹੀਂ ਗੁਆ ਬੈਠੇ? ਕਿਉਂਜੋਂ ਗੁਰੂ ਜੀ ਦਾ ਇਸ ਤਰ੍ਹਾਂ ਦਾ ਵਤੀਰਾ ਪਹਿਲੀ ਵਾਰ ਹੀ ਵੇਖਣ ਵਿੱਚ ਆਇਆ ਸੀ।

ਬਾਬਾ ਬੁੱਢਾ ਜੀ ਅਤੇ ਭਾਈ ਲਹਿਣਾ ਜੀ ਨੂੰ ਪਿੱਛੇ- ਪਿੱਛੇ ਆਉਂਦੇ ਵੇਖ ਕੇ ਗੁਰੂ ਜੀ ਉਨ੍ਹਾਂ ਨੂੰ ਲਾਠੀਆਂ ਮਾਰ ਮਾਰ ਕੇ ਪਿੱਛੇ ਮੋੜਨ ਲੱਗੇ। ਬਾਬਾ ਬੁੱਢਾ ਜੀ ਇਕ ਲਾਠੀ (**ਡਾਂਗ**) ਖਾ ਕੇ ਉੱਥੇ ਹੀ ਰੁਕ ਗਏ।



ਪਰ ਭਾਈ ਲਹਿਣਾ ਜੀ ਡਾਂਗਾਂ ਪੈਂਦੀਆਂ ਵਿੱਚ ਵੀ ਨਿਡੱਰ ਹੋ ਕੇ ਗੁਰੂ ਜੀ ਦੇ ਪਿੱਛੇ ਪਿੱਛੇ ਤੁਰਦੇ ਰਹੇ।

ਗੁਰੁਦੇਵ ਜੀ ਨੇ ਲਹਿਣਾ ਜੀ ਨੂੰ ਗੁੱਸੇ ਨਾਲ ਝਿੜਕਦਿਆਂ ਹੋਇਆਂ ਆਖਿਆ, **"ਲਹਿਣਿਆਂ ਕਿਉਂ ਮਾਰ ਖਾ ਰਿਹਾ ਹੈਂ, ਪਿੱਛੇ ਕਿਉਂ ਨਹੀਂ ਮੁੜ ਜਾਂਦਾ?"**

ਲਹਿਣਾ ਜੀ ਨਿਮਰਤਾ ਸਹਿਤ ਝੁਕ ਕੇ ਹੱਥ ਜੋੜ ਕੇ ਆਖਣ ਲਗੇ, "ਗੁਰੁਦੇਵ ਪਿਤਾ ਜੀ, **"ਮੈਂ ਕਿੱਥੇ ਜਾਵਾਂ, ਮੇਰਾ ਤਾਂ ਹੁਣ ਕੋਈ ਹੋਰ ਥਾਂ ਟਿਕਾਣਾ ਨਹੀਂ ਹੈ।"**

ਗੁਰੁਦੇਵ ਜੀ ਲਹਿਣੇ ਨੂੰ ਬਾਹੋਂ ਫੜ ਕੇ ਸ਼ਮਸ਼ਾਨ ਘਾਟ ਵਿੱਚ ਲੈ ਗਏ। ਇਤਨੇ ਨੂੰ ਸੰਗਤ ਜੋ ਪਿੱਛੇ ਮੁੜ ਗਈ ਸੀ ਉਹ ਵੀ ਸ਼ਮਸ਼ਾਨ ਘਾਟ ਵਿੱਚ ਆਣ ਪਹੁੰਚੀ। ਗੁਰੂ ਜੀ ਨੇ ਬਨਾਵਟੀ ਚਿਖ਼ਾ ਬਾਰੇ ਕਿਸੇ ਨੂੰ ਕੁਝ ਵੀ ਪਤਾ ਨਹੀਂ ਲੱਗਣ ਦਿੱਤਾ ਸੀ।

ਸਭਨਾਂ ਦੇ ਆ ਜਾਣ ਤੇ ਬਸਤਰ ਧਾਰਨ ਕਰਕੇ, ਗੁਰੁਦੇਵ ਜੀ ਨੇ ਆਪਣੇ ਪੁੱਤਰਾਂ ਸਮੇਤ ਵਾਰੀ ਵਾਰੀ ਸਭ ਨੂੰ **ਚਿਖ਼ਾ ਤੇ ਪਏ ਮੁਰਦੇ ਨੂੰ ਖਾਣ ਲਈ ਆਖਿਆ।** ਸਾਰੀ ਸੰਗਤ ਸੋਚੀਂ ਪੈ ਗਈ, **"ਭਲਾ ਮੁਰਦਾ ਵੀ ਕੋਈ ਖਾਣ ਵਾਲੀ ਵਸਤੂ ਹੁੰਦੀ ਹੈ।"**



ਭਾਈ ਲਹਿਣਾ ਜੀ ਮੁਰਦਾ ਖਾਣ ਲਈ ਬੇਨਤੀ ਕਰਦਿਆਂ

ਭਾਈ ਲਹਿਣਾ ਜੀ ਇਕਦਮ ਅੱਗੇ ਆਏ, ਨਿਮਰਤਾ ਸਹਿਤ ਗੋਡਿਆਂ ਪਰਨੇ ਹੋ ਕੇ ਹੱਥ ਜੋੜ ਕੇ ਬੇਨਤੀ ਕਰਨ ਲੱਗੇ! **"ਗੁਰੁਦੇਵ ਜੀ! ਆਗਿਆ ਦਿਓ, ਮੈਂ ਕਿਸ ਪਾਸਿਉਂ ਖਾਣਾ ਸ਼ੁਰੂ ਕਰਾਂ!"**

**ਹੁਕਮ ਹੋਇਆ, "ਪੈਰਾਂ ਵੱਲੋਂ ਖਾਣਾ ਸ਼ੁਰੂ ਕਰੋ।" ਜਦ ਭਾਈ ਲਹਿਣਾ ਜੀ ਨੇ ਤੁਰੰਤ ਚਾਦਰ ਚੁੱਕੀ ਤਾਂ ਸਾਰੀ ਸੰਗਤ ਕੜਾਹ ਪ੍ਰਸ਼ਾਦ** ਪਿਆ ਵੇਖ ਕੇ ਹੈਰਾਨ ਰਹਿ ਗਈ **ਅਤੇ ਕਹਿ ਉੱਠੀ ਕਿ ਇਹ ਕੇਹੀ ਪ੍ਰੀਖਿਆ ਹੈ!**

**ਪ੍ਰਭੂ ਅੱਗੇ ਅਰਦਾਸ ਕਰਨ ਉਪ੍ਰੰਤ ਕੜਾਹ ਪ੍ਰਸ਼ਾਦ ਸਭ ਨੂੰ ਵਰਤਾਇਆ ਗਿਆ।**

## ਉੱਤਰ ਅਧਿਕਾਰੀ ਦੀ ਚੋਣ



ਗੁਰੁਦੇਵ ਜੀ ਭਾਈ ਲਹਿਣਾ ਜੀ ਤੇ **ਕਿਰਪਾ ਦ੍ਰਿਸ਼ਟੀ ਕਰਦੇ ਹੋਏ ਕਹਿਣ ਲੱਗੇ, "ਲਹਿਣਿਆਂ! ਜੇ ਤੇਰਾ ਕੋਈ ਹੋਰ ਟਿਕਾਣਾ ਨਹੀਂ ਹੈ ਤਾਂ ਮੈਨੂੰ ਵੀ ਆਪਣੀ ਜੋਤਿ ਟਿਕਾਉਣ ਲਈ ਕੋਈ ਹੋਰ ਟਿਕਾਣਾ ਨਹੀਂ ਮਿਲ ਰਿਹਾ!** ਇਹ ਕਹਿ ਕੇ ਉਨ੍ਹਾਂ ਨੇ ਭਾਈ ਲਹਿਣਾ ਜੀ ਨੂੰ ਗਲਵਕੜੀ ਵਿੱਚ ਲੈ ਕੇ ਅਸੀਸ ਦਿੰਦਿਆਂ ਬਚਨ ਕੀਤਾ **ਕਿ ਅੱਜ ਤੋਂ ਤੂੰ ਮੇਰਾ ਅੰਗ ਹੀ ਬਣ ਗਿਆ ਹੈਂ। ਇਸ ਲਈ ਤੇਰਾ ਨਾਮ ਲਹਿਣੇ ਦੀ ਥਾਂ ਅੱਜ ਤੋਂ ਅੰਗਦ ਹੋਇਆ। ਹੁਣ ਤੇਰੇ ਅਤੇ ਮੇਰੇ ਵਿੱਚ ਕੋਈ ਭੇਦ ਭਾਵ ਨਹੀ ਰਿਹਾ। ਤੂੰ ਮੇਰੇ ਵਿੱਚ ਅਭੇਦ ਹੋ ਗਿਆ ਹੈਂ। ਤੂੰ ਹੀ ਮੇਰਾ ਸੱਚਾ ਤੇ ਅਸਲੀ ਵਾਰਸ ਸਿੱਧ ਹੋਇਆ ਹੈਂ।**

## ਬਾਬਾ ਲਹਿਣਾ ਜੀ ਨੂੰ ਗੁਰਗੱਦੀ ਬਖਸ਼ਣੀ

ਉੱਤਰ ਅਧਿਕਾਰੀ ਦੀ ਸਹੀ ਚੋਣ ਕਰ ਲੈਣ ਉਪ੍ਰੰਤ ਗੁਰੂਦੇਵ ਜੀ ਨੇ ਦੂਰ ਨੇੜੇ ਸੰਦੇਸ਼ ਭੇਜ ਕੇ ਸਮੂਹ ਪ੍ਰੇਮਾ ਭਗਤੀ ਵਾਲੀ ਸੰਗਤ ਨੂੰ ਸ੍ਰੀ ਕਰਤਾਰਪੁਰ ਸਾਹਿਬ ਆਉਣ ਲਈ ਸੱਦ ਭੇਜਿਆ।


**2 ਸਤੰਬਰ 1539 ਈਸਵੀ** ਵਾਲੇ ਦਿਨ, ਵਿਸ਼ੇਸ਼ ਅਲਾਹੀ ਕੀਰਤਨ ਦਰਬਾਰ ਸਜਾਇਆ ਗਿਆ। ਕੀਰਤਨ ਦੀ ਸਮਾਪਤੀ ਉਪ੍ਰੰਤ ਅਕਾਲ ਪੁਰਖ ਜੀ ਅੱਗੇ ਅਰਦਾਸ ਬੰਦਨਾ ਕਰਕੇ ਗੁਰੂ ਜੀ ਨੇ ਆਪਣੇ ਪ੍ਰਵਚਨਾਂ ਵਿੱਚ, ਸਾਰੀਆਂ ਪਰਖਾਂ ਵਿੱਚ ਪੂਰੇ ਉਤਰਨ ਵਾਲੇ ਮਨੁੱਖ, **ਬਾਬਾ ਲਹਿਣਾ ਜੀ** ਨੂੰ ਗੁਰੂਜੋਤਿ ਦਾ ਅਗਲਾ ਵਾਰਸ ਹੋਣ ਦਾ ਐਲਾਨ ਕਰ ਦਿੱਤਾ।

ਸਮੂਹ ਸੰਗਤ ਨੇ ਗੁਰੂ ਜੀ ਦਾ ਆਦੇਸ਼ ਖਿੜੇ ਮੱਥੇ ਪ੍ਰਵਾਨ ਕਰ ਲਿਆ। ਹਰ ਪਾਸਿਓਂ ਧੰਨ ਨਿਰੰਕਾਰ, ਧੰਨ ਨਿਰੰਕਾਰ ਦੀਆਂ ਆਵਾਜ਼ਾਂ ਗੂੰਜਣ ਲੱਗੀਆਂ।

**ਬਾਬਾ ਲਹਿਣਾ ਜੀ ਗੁਰੂਦੇਵ ਜੀ ਦੀ ਆਗਿਆ ਅਨੁਸਾਰ ਇਸ਼ਨਾਨ ਕਰਕੇ, ਨਵਾਂ ਚੋਲਾ ਪਾ ਕੇ ਗੁਰੂਦੇਵ ਜੀ ਦੇ ਸਨਮੁੱਖ ਹੋ ਗਏ।**

**ਗੁਰੂਦੇਵ ਜੀ ਆਪਣੇ ਆਸਣ ਤੋਂ ਉੱਠੇ ਅਤੇ ਬਾਬਾ ਲਹਿਣਾ ਜੀ ਨੂੰ ਆਪਣੇ ਨਿੱਜੀ ਆਸਣ ਤੇ ਬੈਠ ਜਾਣ ਲਈ ਆਦੇਸ਼ ਦਿੱਤਾ।**

ਬਾਬਾ ਲਹਿਣਾ ਜੀ ਗੁਰੂਦੇਵ ਜੀ ਦਾ ਅਲਾਹੀ ਫੁਰਮਾਨ ਸਵੀਕਾਰ ਕਰਦਿਆਂ, ਆਦਰ ਸਹਿਤ ਹੱਥ ਜੋੜ ਕੇ ਨਮਸ਼ਕਾਰ ਕਰਕੇ ਗੁਰੂਦੇਵ ਜੀ ਦੇ ਨਿੱਜੀ ਆਸਣ ਤੇ ਬਿਰਾਜਮਾਨ ਹੋ ਗਏ।





ਗੁਰੂਦੇਵ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਉਨ੍ਹਾਂ ਨੂੰ **ਸਿਰੋਪਾਓ ਦੀ ਬਖਸ਼ਿਸ਼ ਕੀਤੀ ਅਤੇ ਅਸ਼ੀਰਵਾਦ ਦਿੱਤਾ।**

**ਬਾਬਾ ਬੁੱਢਾ ਜੀ ਦੁਆਰਾ ਦਸਤਾਰ ਬੰਦੀ ਦੀ ਰਸਮ ਪੂਰੀ ਕਰਵਾਈ ਗਈ।**

ਗੁਰੂਦੇਵ ਜੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਬਚਨ ਕੀਤੇ ਕਿ **ਲਹਿਣਾ ਜੀ ਹੁਣ ਮੇਰਾ ਅੰਗ (ਸਰੂਪ) ਬਣ ਗਏ ਹਨ। ਹੁਣ ਸਰਬਸਾਂਝੇ ਅਲਾਹੀ ਸਿਧਾਂਤ ਅਤੇ ਵਿਚਾਰਧਾਰਾ ਦੀ ਪੂਰਤੀ ਕਰਵਾਉਣ ਲਈ ਅੰਗਦ ਦੇਵ ਜੀ ਪੂਰਨ ਤੇ ਸਮਰੱਥ ਦੂਜੀ ਜੋਤਿ ਹੋ ਗਏ ਹਨ।**

**ਗੁਰਿਆਈ ਦੀਆਂ ਰਸਮਾਂ ਸੰਪੂਰਨ ਹੋ ਜਾਣ ਉਪ੍ਰੰਤ ਗੁਰੂਦੇਵ ਜੀ ਨੇ ਗੁਰੂ ਅਗੰਦ ਦੇਵ ਜੀ ਨੂੰ ਨਮਸ਼ਕਾਰ ਕੀਤੀ ਅਤੇ ਸਾਰੀ ਸੰਗਤ ਨੂੰ ਉਨ੍ਹਾਂ ਦਾ ਅਗਲੇ ਗੁਰੂ ਹੋਣ ਕਰਕੇ ਪੂਰਨ ਸਤਿਕਾਰ ਕਰਨ ਦਾ ਆਦੇਸ਼ ਦਿੱਤਾ।**

ਸਮੂਹ ਸੰਗਤ ਨੇ ਅੱਗੇ ਹੋ ਕੇ ਵਾਰੀ-ਵਾਰੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਆਦਰ ਤੇ ਸਤਿਕਾਰ ਸਹਿਤ ਨਮਸ਼ਕਾਰ ਕੀਤੀ ਅਤੇ **ਸਤਿਗੁਰੂ ਨਾਨਕ ਸਾਹਿਬ ਜੀ ਦੀ ਥਾਂ ਉਨ੍ਹਾਂ ਨੂੰ ਆਪਣਾ ਅਗਲਾ ਗੁਰੂ ਮੰਨ ਲਿਆ।**

**ਇਸ ਤਰ੍ਹਾਂ ਗੁਰੂਦੇਵ ਜੀ ਨੇ ਦੀਪਕ ਤੋਂ ਦੀਪਕ ਜਗਾ ਕੇ ਆਪਣਾ ਨਿੱਜ ਸਰੂਪ ਆਪਣੇ ਸਰਬਸਮ੍ਰੱਥ ਚੇਲੇ ਵਿੱਚ ਪ੍ਰਵੇਸ਼ ਕਰ ਵਿਖਾਇਆ ਭਾਵ ਆਪਣਾ ਰੂਪ ਵਟਾ ਲਿਆ। ਆਪਣੀ ਅਧਿਆਤਮਿਕ ਜੋਤਿ ਅੰਗਦ ਦੇਵ ਜੀ ਵਿੱਚ ਪ੍ਰਵੇਸ਼ ਕਰਕੇ ਦੂਜਾ ਨਾਨਕ ਭਾਵ ਦੂਜੀ ਗੁਰੂਜੋਤਿ ਉਪਸਥਿੱਤ ਕਰ ਵਿਖਾਈ।**

ਇਹ ਅਲਾਹੀ ਵਰਤਾਰਾ, ਇਸ ਨਾਸ਼ਮਾਨ ਸੰਸਾਰ ਵਿੱਚ ਪਹਿਲੀ ਵਾਰ ਸਿੱਖ ਸਮੁਦਾਏ ਦੇ ਬਾਨੀ ਅਤੇ ਵਾਲੀ ਨੇ ਪੰਜ ਭੌਤਿਕ ਸਰੀਰ ਵਿੱਚ ਵਿਚਰਦਿਆਂ ਹੋਇਆਂ ਆਪਣੀ ਆਤਮਿਕ ਅਤੇ ਅਧਿਆਤਮਿਕ ਜੋਤਿ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਆਪਣੇ ਪਿਆਰੇ ਪੁੱਤਰਾਂ ਨੂੰ ਇਸ ਲਾਇਕ ਨਾ ਸਮਝਦੇ ਹੋਏ ਇਕ ਅਨਿੱਨ ਸੇਵਕ ਵਿੱਚ ਪ੍ਰਵੇਸ਼ ਕਰ ਦਿੱਤੀ।

ਨੋਟ:- ਗੁਰੂਦੇਵ ਜੀ ਵਲੋਂ ਚਲਾਈ ਇਹ ਅਦੁੱਤੀ ਅਤੇ ਵਿਲੱਖਣ ਪ੍ਰੰਪਰਾ ਨੌਂ (9) ਮਨੁੱਖੀ ਜਾਮਿਆਂ ਵਿੱਚ ਪ੍ਰਵੇਸ਼ ਕਰਨ ਉਪ੍ਰੰਤ, ਆਖਰੀ ਤੇ ਦਸਵੇਂ (ਉਨ੍ਹਾਂ ਸਮੇਤ ਗਿਆਰਵੇਂ) ਜਾਮੇਂ, **ਸਰਬਸਮਰੱਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸ਼ਬਦ ਗੁਰੂ)** ਨੂੰ ਸਥਾਈ ਅਤੇ ਸਦੀਵੀ ਗੁਰਿਆਈ ਬਖਸ਼ਣ ਤੱਕ ਪੰਜਭੌਤਿਕ ਸਰੀਰ ਛੱਡਣ ਤੋਂ ਪਹਿਲਾਂ ਹੀ ਹਰ ਗੁਰੂ ਸਾਹਿਬਾਨ ਵੱਲੋਂ ਭਲੀ ਭਾਂਤ ਨਿਭਾਈ ਜਾਂਦੀ ਰਹੀ ਹੈ।

ਗੁਰੂਦੇਵ ਜੀ ਨੇ ਗੁਰੂ ਪੁੱਤਰਾਂ ਦੇ ਅੰਸ਼ਕ ਵਿਰੋਧ ਨੂੰ ਭਾਂਪਦੇ ਹੋਏ ਗੁਰੂ ਅੰਗਦ ਦੇਵ ਜੀ ਨੂੰ, ਕਰਤਾਰਪੁਰ ਸਾਹਿਬ ਤੋਂ ਖਡੂਰ ਜਾ ਕੇ ਅਲਾਹੀ ਸਿੱਖ ਸਿਧਾਂਤਾਂ ਦੇ ਪ੍ਰਚਾਰ ਲਈ ਨਵਾਂ ਕੇਂਦਰ ਸਥਾਪਿਤ ਕਰਨ ਲਈ ਆਦੇਸ਼ ਦਿੱਤਾ ਤਾਂ ਜੋ ਅਲਾਹੀ ਸਿਧਾਂਤਾਂ ਦੇ ਪ੍ਰਚਾਰ ਵਿੱਚ ਕੋਈ ਰੁਕਾਵਟ ਨਾ ਆਵੇ, ਸਿੱਖ ਸੰਗਤ ਵਿੱਚ ਅਨੁਕੂਲ ਵਾਤਾਵਰਨ ਅਤੇ ਪ੍ਰਸਪਰ ਸ਼ਰਧਾ ਨੂੰ ਢਾਅ ਨਾ ਲੱਗੇ।

ਗੁਰੂਦੇਵ ਜੀ ਨੇ ਹੱਥ ਲਿਖਿਤ ਉਹ ਸਾਰੀਆਂ ਪੋਥੀਆਂ ਜੋ ਉਨ੍ਹਾਂ ਨੇ ਆਪਣੀਆਂ ਪ੍ਰਚਾਰ ਫੇਰੀਆਂ ਸਮੇਂ ਆਪਣੇ ਕਰ ਕਮਲਾਂ ਦੁਆਰਾ ਲਿਖੀਆਂ, ਉਹ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਦਿੱਤੀਆਂ।

**ਗੁਰਿਆਈ ਦੇ ਇਸ ਅਦਭੁੱਤ ਵਰਤਾਰੇ ਨੂੰ ਭਾਈ ਗੁਰਦਾਸ ਜੀ ਨੇ ਆਪਣੀ ਰਚਨਾ '22 ਵਾਰਾਂ' ਵਿੱਚ ਇਸ ਤਰਾਂ ਕਲਮ ਬੰਦ ਕੀਤਾ ਹੈ।**

**"ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥**
**ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ॥**
**ਲਖਿ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ॥**
**ਕਾਇਆ ਪਲਟਿ ਸਰੂਪ ਬਣਾਇਆ॥ ੪੫॥"**

(ਭਾਈ ਗੁਰਦਾਸ ਜੀ, ਵਾਰ-੧)

**ਇਸ ਪ੍ਰਤੱਖ ਤੇ ਅਸਚਰਜ ਵਰਤਾਰੇ ਨੂੰ 'ਭੱਟ ਟਲ੍ਹ ਜੀ' ਨੇ ਆਪਣੇ ਮੁਖਾਰਬਿੰਦ ਤੋਂ ਇਸ ਤਰ੍ਹਾਂ ਉਚਾਰਿਆ ਹੈ।**

**"ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ ॥**
**ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥"**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੯੬੭

## ਸ੍ਰੀ ਗੁਰੂ ਅੰਗਦ ਦੇਵ ਜੀ ਦਾ ਖਡੂਰ ਸਾਹਿਬ ਜਾਣਾ

ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂਦੇਵ ਜੀ ਦਾ ਅਲਾਹੀ ਆਦੇਸ਼ ਮਿਲਦੇ ਹੀ, ਉਨ੍ਹਾਂ ਵਲੋਂ ਮਿਲੀਆਂ ਸਾਰੀਆਂ ਪੋਥੀਆਂ ਸੰਭਾਲ ਕੇ, ਲੋੜੀਂਦੀਆਂ/ਉਪਲਭਦ ਸਵਾਰੀਆਂ ਦਾ ਪ੍ਰਬੰਧ ਕਰਕੇ ਸੰਗਤ ਸਮੇਤ, ਰਸਤੇ ਵਿੱਚ ਪੜਾਅ ਕਰਦੇ ਹੋਏ ਭਲੀ ਭਾਂਤ 'ਖਡੂਰ ਨਗਰ' ਜਾ ਡੇਰਾ ਲਾਇਆ।

**ਖਡੂਰ ਨਗਰ ਪਹੁੰਚ ਕੇ ਗੁਰੂਦੇਵ ਜੀ ਦੇ ਦਰਸਾਏ ਮਾਰਗ ਅਤੇ ਅਲਾਹੀ ਸਿਧਾਂਤਾਂ ਦਾ ਪ੍ਰਚਾਰ ਆਰੰਭ ਕਰ ਦਿੱਤਾ।**

**ਸਭ ਤੋਂ ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪੰਜਾਬੀ ਭਾਸ਼ਾ ਵਿੱਚ ਗੁਰਮੁੱਖੀ ਲਿਪੀ ਨੇਮ ਬਧ੍ਹ ਕਰਕੇ ਗੁਰਮੁੱਖੀ ਲਿਪੀ (ਵਰਣਮਾਲਾ) ਦਾ ਪਹਿਲਾ ਬਾਲ ਬੋਧ ਪ੍ਰਕਾਸ਼ਿਤ ਕੀਤਾ। ਸਿੱਖ ਸੰਗਤ ਨੂੰ ਨਿਤਾ ਪ੍ਰਤੀ ਉਪਦੇਸ਼ ਕਰਨਾ ਆਰੰਭ ਦਿੱਤਾ। ਹਰ ਰੋਜ਼ ਕੀਰਤਨ ਦਰਬਾਰ ਸਜਾਏ ਜਾਂਦੇ ਅਤੇ ਪ੍ਰਵਚਨ ਕੀਤੇ ਜਾਣ ਲੱਗੇ।**

## ਸ੍ਰੀ ਗੁਰੂ ਅੰਗਦ ਦੇਵ ਜੀ ਦੇ ਕਰਤਾਰਪੁਰ ਤੋਂ ਵਿਦਾ ਹੋਣ ਉਪ੍ਰੰਤ

ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਸਾਹਿਬ ਭੇਜ ਦੇਣ ਉਪ੍ਰੰਤ ਗੁਰੂਦੇਵ ਜੀ ਕਰਤਾਰਪੁਰ ਸਾਹਿਬ ਵਿੱਚ ਪਹਿਲਾਂ ਵਾਂਗ ਹੀ ਕੀਰਤਨ ਦਰਬਾਰ ਸਜਾਉਂਦੇ ਅਤੇ ਪ੍ਰਵਚਨ ਕਰਦੇ। ਸੰਗਤ ਨੂੰ ਆਦੇਸ਼ ਕਰਦੇ, ਖਡੂਰ ਜਾ ਕੇ ਗੁਰੂ ਅੰਗਦ ਦੇਵ ਜੀ ਦੇ ਚਰਨੀ ਲੱਗੋ, ਉਨ੍ਹਾਂ ਦਾ ਅਸ਼ੀਰਵਾਦ ਪ੍ਰਾਪਤ ਕਰ ਕੇ ਜੀਵਨ ਸਫਲਾ ਕਰੋ। ਹੁਣ ਉਹ ਇਸ ਸੰਸਾਰ ਦਾ ਪਾਰਉਤਾਰਾ ਕਰਨ ਦੇ ਸਮਰਥ ਹੋ ਗਏ ਹਨ।

ਇਸ ਤਰ੍ਹਾਂ ਜੋ ਵੀ ਸੰਗਤ ਗੁਰੂ ਜੀ ਕੋਲ ਕਰਤਾਰਪੁਰ ਸਾਹਿਬ ਵਿਖੇ ਆਉਂਦੀ, ਉਹ ਗੁਰੂ ਜੀ ਦੀ ਆਗਿਆ ਮੰਨ ਕੇ ਖਡੂਰ ਵੱਲ ਨੂੰ ਤੁਰ ਜਾਂਦੀ ਅਤੇ ਗੁਰ ਅੰਗਦ ਦੇਵ ਜੀ ਦੇ ਅਲਾਹੀ ਬਚਨ ਸੁਣਦੀ।

### ਪੰਜਭੌਤਿਕ ਸਰੀਰ ਤਿਆਗਣਾ

**22 ਸਿਤੰਬਰ 1539 ਵਾਲੇ ਦਿਨ ਕਰਤਾਰਪੁਰ ਸਾਹਿਬ ਵਿਖੇ** ਅਲਾਹੀ ਕੀਰਤਨ ਦੀ ਸਮਾਪਤੀ ਉਪ੍ਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਸਭ ਨੂੰ ਪ੍ਰਭੂ ਲੀਲਾ ਵਿੱਚ ਸੰਤੁਸ਼ਟ ਅਤੇ ਪ੍ਰਸੰਨ ਰਹਿਣ ਦਾ ਬਚਨ ਕਰਦਿਆਂ, ਚਾਦਰ ਤਾਣ ਕੇ ਸਦਾ ਦੀ ਨੀਂਦ ਸੌਂ ਗਏ। ਭਾਵ ਅਕਾਲਪੁਰਖ ਦੀ ਗੋਦ ਵਿੱਚ ਜਾ ਬਿਰਾਜੇ।

### ਅੰਤਿਮ ਰਸਮਾਂ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜਭੌਤਿਕ ਸਰੀਰ ਤਿਆਗਣ ਦੀ ਖਬਰ ਸੁਣ ਕੇ ਵੱਡੀ ਗਿਣਤੀ ਵਿੱਚ ਸਾਰੇ ਧਰਮਾਂ ਦੇ ਸ਼ਰਧਾਲੂ ਆ ਬੈਠੇ, ਦੋ ਫਿਰਕਿਆਂ ਦੇ ਵੱਡੇ ਆਗੂਆਂ ਵਿੱਚ ਚਰਚਾ ਛਿੜ ਪਈ।

ਮੁਸਲਮਾਨ ਸ਼ਰਧਾਲੂਆਂ ਦੀ ਮੰਗ ਸੀ ਕਿ ਗੁਰੂ ਜੀ ਸਾਡੇ ਪੀਰ ਹਨ। ਇਸ ਲਈ ਅਸੀਂ ਇਸ ਪਵਿੱਤਰ ਦੇਹੀ ਦੀਆਂ ਅੰਤਮ ਰਸਮਾਂ ਆਪਣੇ ਧਰਮ ਅਨੁਸਾਰ ਪੂਰੀਆਂ ਕਰਾਂਗੇ।

ਗੈਰ ਮੁਸਲਿਮ ਚੇਲਿਆਂ (ਸਿੱਖਾਂ) ਨੇ ਕਿਹਾ ਕਿ ਗੁਰੂ ਜੀ ਦੀ ਦੇਹੀ ਦਾ **ਅੰਤਮ ਸੰਸਕਾਰ,** ਉਨ੍ਹਾਂ ਦੀ ਵਿਚਾਰਧਾਰਾ ਅਨੁਸਾਰ, ਕਰਨਾ ਬਣਦਾ ਹੈ। ਕਿਉਂ ਜੋ ਗੁਰੂ ਜੀ ਖੱਤਰੀ ਕੁੱਲ ਵਿੱਚੋਂ ਹਨ।

ਕਾਫੀ ਖਿੱਚੋਤਾਨ ਉਪ੍ਰੰਤ ਸਾਰੀ ਸੰਗਤ ਇਸ ਨਿਰਣੇ ਤੇ ਪੁੱਜੀ ਕਿ ਇਸ ਸੰਬੰਧ ਵਿੱਚ ਗੁਰੂ ਜੀ ਦੇ ਆਪਣੇ ਵਿਚਾਰ ਜਾਣ ਲਏ ਜਾਣ ਫਿਰ ਉਸੇ ਵਿਧੀ ਦੁਆਰਾ ਉਨ੍ਹਾਂ ਦੀ ਪੰਜਭੌਤਿਕ ਮਿਰਤਕ ਦੇਹੀ ਦੀਆਂ ਅੰਤਿਮ ਰਸਮਾਂ ਪੂਰੀਆਂ ਕੀਤੀਆਂ ਜਾਣਗੀਆਂ।

ਇਹ ਅਲਾਹੀ ਸ਼ਬਦ ਉਚਾਰਨ ਕੀਤੇ ਗਏ:-

"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ॥
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥੨॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੪੬੬

ਤਥਾ

"ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥
ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥
ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥੨॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੬੪੮

ਇਨਾਂ ਅਲਾਹੀ ਬਚਨਾਂ ਨੂੰ ਵਿਚਾਰ ਕੇ ਸਾਰਿਆਂ ਨੇ ਇਕ ਮੱਤ ਹੋ ਕੇ ਕਿਹਾ ਕਿ ਗੁਰੂਦੇਵ ਜੀ ਦੀ ਇੱਛਾ ਅਨੁਸਾਰ ਸੰਸਾਰਿਕ ਪਰੰਪਰਾ ਤੋਂ ਉੱਪਰ ਉੱਠ ਕੇ ਕਿਸੇ ਨਵੀਂ ਵਿਧੀ ਅਨੁਸਾਰ ਉਨ੍ਹਾਂ ਦੀ ਦੇਹ ਦਾ ਅੰਤਿਮ ਸੰਸਕਾਰ ਕਰ ਦਿੱਤਾ ਜਾਵੇ।

**ਤਦ ਗੁਰੂਦੇਵ ਜੀ ਦਾ ਮਿਰਤਕ ਸਰੀਰ ਸਤਿਕਾਰ ਸਹਿਤ ਰਾਵੀ ਨਦੀ ਵਿੱਚ ਜਲ ਪ੍ਰਵਾਹ ਕਰ ਦਿੱਤਾ ਗਿਆ।**

ਪ੍ਰੰਤੂ ਸ਼ਰਧਾਲੂਆਂ ਦੀ ਇਸ ਵਰਤਾਰੇ ਨਾਲ ਸੰਤੁਸ਼ਟੀ ਨਾ ਹੋਈ। ਸਭਨਾਂ ਦੀ ਸਹਿਮਤੀ ਨਾਲ ਰਾਵੀ ਨਦੀ ਦੇ ਸੱਜੇ ਕੰਢੇ ਤੇ ਉਨ੍ਹਾਂ ਦੀ ਯਾਦ ਵਜੋਂ ਇਕ ਸਮਾਧ ਦਾ ਨਿਰਮਾਣ ਕੀਤਾ ਗਿਆ। ਜੋ, ਸਮਾ ਪਾ ਕੇ ਦਰਿਆ ਵਿੱਚ ਹੜ੍ਹ ਆਉਣ ਨਾਲ ਜਲ ਪ੍ਰਵਾਹ ਹੋ ਗਈ।

ਅੱਜ ਸ੍ਰੀ ਕਰਤਾਰਪੁਰ ਸਾਹਿਬ ਵਿੱਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਂਝੀਵਾਲਤਾ ਦਾ ਸੰਕਲਪ ਸਾਕਾਰ ਕਰਦਿਆਂ, ਦੋਹਾਂ ਧਾਰਨਾਵਾਂ ਅਨੁਸਾਰ ਸ੍ਰੀ ਕਰਤਾਰਪੁਰ ਵਿਖੇ, ਇਕ ਸੁੰਦਰ ਗੁਰਦੁਆਰਾ ਸਾਹਿਬ ਅਤੇ ਸਮਾਧ ਵੀ ਸੁਸ਼ੋਭਤ ਹਨ।

ਅਕਾਲ ਰੂਪ, ਧੰਨ ਧੰਨ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਵਿੱਚ ਇਕ ਸਰਬਸਾਂਝੇ ਧਰਮ ਦਾ ਸਥਾਈ ਮੀਲ ਪੱਥਰ ਗੱਡਿਆ ਹੈ, ਉਹ ਸਾਰੀ ਲੁਕਾਈ ਨੂੰ ਸਦੀਵੀ ਤੇ ਸ਼ਾਤਮਈ ਢੰਗ ਨਾਲ ਸਾਵਾਂ-ਪੱਧਰਾ ਜੀਵਨ ਜਿਉਂਣ ਦਾ ਗੁਰੂ ਪ੍ਰੰਪਰਾ ਰਾਹੀਂ ਅਲਾਹੀ ਸੰਦੇਸ਼ ਦੇਂਦੇ ਪ੍ਰਤੱਖ ਪ੍ਰਤੀਤ ਹੋ ਰਹੇ ਹਨ।

ਉਨ੍ਹਾਂ ਦੇ ਮੁਖਾਰਬਿੰਦ ਤੋਂ ਉਚਾਰਨ ਕੀਤੀ ਧੁਰ ਕੀ ਬਾਣੀ, ਅਨੁਭਵੀ ਅਤੇ ਕਮਾਈ ਵਾਲੇ ਮਹਾਂ ਪੁਰਸ਼ਾਂ ਦੇ ਹਿਰਦਿਆਂ ਵਿੱਚੋਂ ਅਨਿਖੜਵੀਂ ਨਿਰੰਕਾਰੀ ਝਲਕ ਦਿਖਾਈ ਦੇ ਰਹੀ ਹੈ।

**ਸਤਿਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤ ਦਾ ਬੀਜ ਸਰਵੋਤਮ ਹੈ! ਉਪਜਾਊ ਧਰਤੀ ਅਤੇ ਮਿਹਨਤੀ ਕਿਸਾਨ ਇਸ ਨੂੰ ਚਾਰ ਚੰਨ ਲਾ ਰਹੇ ਹਨ।**

**ਗੁਰੂਦੇਵ ਜੀ ਦਾ ਸੌਦਾ ਅਸਲੀ ਤੇ ਖਰਾ ਹੈ! ਉੱਤਮ ਵਿੱਕਰੇਤਾ, ਇਹ ਸੱਚਾ ਅਤੇ ਅਣਮੁੱਲਾ ਸੌਦਾ ਘਰੋ ਘਰੀਂ ਅਪੜਦਾ ਕਰਨ ਲਈ ਸਦਾ ਹੀ ਯਤਨਸ਼ੀਲ ਰਹਿੰਦੇ ਹਨ।**

**'ਜਗਤੁ ਗੁਰੁ ਬਾਬਾ' ਜੀ ਦੀ ਫੁਲਵਾੜੀ ਅਤਿ ਸੁੰਦਰ ਹੈ! ਸਮੂਹ ਸ੍ਰਿਸ਼ਟੀ ਇਸ ਅਲਾਹੀ ਬਗੀਚੇ ਨੂੰ ਪੂਰਨ ਸੁਹਿਰਦਤਾ ਨਾਲ ਹਰਿਆ ਭਰਿਆ ਅਤੇ ਖਿੜਿਆ ਰੱਖਣ ਲਈ ਤੱਤਪਰ ਹੈ।**

(1) ਹਵਾਲਾ: ਮੂਲ ਹਿੰਦੀ ਪੁਸਤਕ ; 'ਕ੍ਰਾਂਤੀਕਾਰੀ ਮਹਾਂਮਾਨਵ, ਗੁਰੂ ਨਾਨਕ ਦੇਵ' (ਪੰਨਾ ਨੰ: 381)

(2) ਗਿਆਨੀ ਭਾਗ ਸਿੰਘ, ਮਹਿੰਦਰ ਸਿੰਘ ਜੋਸ, ਸੰਸਥਾਪਕ, ਸਿੱਖ ਮਿਸ਼ਨਰੀ ਕਾਲਜ ਦਿਲੀ (1975)

**ਚੋਲਾ ਸਾਹਿਬ ਦਾ ਇਤਿਹਾਸ (ਡੇਰਾ ਬਾਬਾ ਨਾਨਕ) :** ਚੌਥੀ ਯਾਤਰਾ ਵੇਲੇ (1519 ਈ: ਵਿੱਚ) ਜਦੋਂ ਗੁਰੂ ਜੀ ਅਰਬ ਦੇਸ਼ ਦੇ ਬਾਦਸ਼ਾਹ ਨੇ ਗੁਰੂ ਨਾਨਕ ਜੀ ਨੂੰ ਮੁਸਲਮ ਫਕੀਰ ਬਨਾਉਣ ਵਾਸਤੇ ਜਾਦੂਈ ਚੋਲਾ ਉਨ੍ਹਾ ਦਾ ਧਰਮ ਪ੍ਰਵਰਤਨ ਕਰਨ ਲਈ ਅਪਣੇ ਅਹਿਲਕਾਰਾਂ ਦੁਆਰਾ ਗੁਰੂ ਜੀ ਨੂੰ ਪਹਿਨਾ ਦਿੱਤਾ। ਪ੍ਰੰਤੂ ਗੁਰੂ ਜੀ ਤੇ ਕੋਈ ਅਸਰ ਨਾ ਹੁੰਦਾ ਵੇਖ ਕੇ ਉਸ ਦੇ ਕਹਿਣ ਤੇ ਦਰਬਾਰੀ ਚੋਲਾ ਉਤਾਰਨ ਲਗੇ ਤਾਂ ਚੋਲਾ ਗੁਰੂ ਜੀ ਦੇ ਸ਼ਰੀਰ ਨਾਲ ਹੀ ਚਿਪਕ ਗਿਆ, ਉਤਾਰਿਆ ਨਹੀਂ ਗਿਆ। ਜਦੋਂ ਅਣਥਕ ਯਤਨ ਕਰਨ ਤੇ ਵੀ ਉਹ ਚੋਲਾ ਨਹੀਂ ਉਤਰਿਆ ਤਾਂ ਬਾਦਸ਼ਾਹ ਗੁਰੂ ਜੀ ਦੇ ਚਰਨੀ ਢਹਿ ਪਿਆ ਅਤੇ ਖ਼ਿਮਾ ਯਾਚਨਾ ਕਰਨ ਲੱਗਾ। ਗੁਰੂ ਜੀ ਨੇ ਉਸ ਨੂੰ ਬਖ਼ਸ਼ ਦਿੱਤਾ।

ਉਹ ਚੋਲਾ ਗੁਰੂ ਜੀ ਨੇ ਕਰਤਾਰਪੁਰ (ਡੇਰਾ ਬਾਬਾ ਨਾਨਕ) ਪਹੁੰਚ ਕੇ ਉਤਾਰਿਆ। ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਗੱਦੀ ਬਖਸ਼ਣ ਸਮੇਂ ਉਹ ਚੋਲਾ ਵੀ ਉਨ੍ਹਾਂ ਨੂੰ ਭੇਟ ਕਰ ਦਿੱਤਾ ਗਿਆ। ਇਸ ਤਰ੍ਹਾਂ ਉਹ ਚੋਲਾ ਪੰਜ ਪਾਤਸ਼ਾਹੀਆਂ ਤੱਕ ਭੇਟ ਕੀਤਾ ਜਾਂਦਾ ਰਿਹਾ।

ਸ੍ਰੀ ਗੁਰੂ ਅਰਜਨ ਦੇਵ ਜੀ ਸਮੇਂ ਬਲਖ ਬੁਖਾਰਾ ਤੋਂ ਇੱਕ ਸਿੱਖ ਭਾਈ ਤੋਤਾ ਰਾਮ, ਸ੍ਰੀ ਅੰਮ੍ਰਿਤ ਸਰੋਵਰ ਦੀ ਖੁਦਵਾਈ ਦੀ ਸੇਵਾ ਕਰਦੇ ਸਮੇਂ ਜਖ਼ਮੀ ਹੋ ਗਿਆ। ਜ਼ਖਮੀ ਹਾਲਤ ਵਿੱਚ ਵੀ ਉਹ ਸੇਵਾ ਕਰਦਾ ਰਿਹਾ। ਉਸ ਦੀ ਸੇਵਾ ਨੂੰ ਪ੍ਰਵਾਨ ਕਰਦਿਆਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਹ ਚੋਲਾ ਉਸ ਨੂੰ ਬਖਸ਼ ਦਿੱਤਾ। ਤੋਤਾ ਰਾਮ ਜੀਵਨ ਭਰ ਉਸ ਚੋਲੇ ਦੀ ਸੇਵਾ ਸੰਭਾਲ ਕਰਦਾ ਰਿਹਾ। ਜੀਵਨ ਦੇ ਅੰਤਲੇ ਪਲਾਂ ਸਮੇਂ ਉਸ ਨੇ ਉਹ ਚੋਲਾ ਇਕ ਗੁਫਾ ਵਿੱਚ ਛੁਪਾ ਕੇ ਉਸ ਗੁਫਾ ਦਾ ਮੂੰਹ ਪੱਥਰਾਂ ਨਾਲ ਬੰਦ ਕਰ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ੯ਵੀਂ ਪੀਹੜੀ ਬਾਬਾ ਕਾਬਲੀ ਮੱਲ ਬੇਦੀ ਜੀ ਸ਼ਰਧਾਲੂਆਂ ਸਮੇਤ ਉਹ ਚੋਲਾ ਉਥੋਂ ਕਢਵਾ ਕੇ ਵਾਪਸ ਲੈ ਆਏ ਹੁਣ ਉਹੀ ਚੋਲਾ, **ਗੁਰਦੁਆਰਾ ਚੋਲਾ ਸਾਹਿਬ, ਡੇਰਾ ਬਾਬਾ ਨਾਨਕ** ਵਿੱਚ ਸੰਭਾਲਿਆ ਹੋਇਆ ਹੈ।

(ਹਵਾਲਾ:- ਗੂਗਲ ਸਰਚ)





ਗੁਰਦੁਆਰਾ ਸੱਚ ਖੰਡ ਸਾਹਿਬ, ਡੇਰਾ ਬਾਬਾ ਨਾਨਕ (ਗੁਰਦਾਸਪੁਰ)



ਗੁਰੂ ਨਾਨਕ ਜੀ ਦਾ ਖੂਹ (ਡੇਰਾ ਬਾਬਾ ਨਾਨਕ)